ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸਿੱਖ ਇਤਿਹਾਸ ਪ੍ਰਸ਼ਨੋਤਰੀ

## ਭਾਗ 1, 2, 3

ਪ੍ਰਕਾਸ਼ਕ:
ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ

# ਤਤਕਰਾ


| | |
|---|---|
| ਭਾਗ - 1 | 3 |
| ਪ੍ਰਸ਼ਨ: ਉੱਤਰ | 4 |
| ਮੂਲ ਮੰਤਰ | 9 |
| ਅਰਦਾਸ ਪਾਤਸ਼ਾਹੀ 12ਵੀਂ | 10 |
| ਪ੍ਰਸ਼ਾਦਾ ਛਕਣ ਉਪਰੰਤ ਅਰਦਾਸ | 12 |
| ਭਾਗ - 2 | 13 |
| ਪ੍ਰਸ਼ਨ: ਉੱਤਰ | 14 |
| 35 ਅੱਖਰੀ | 27 |
| ਭਾਗ – 3 | 28 |
| ਪ੍ਰਸ਼ਨ: ਉੱਤਰ | 29 |
| ਮੁਹਾਰਨੀ | 53 |



**Email: vnvj@sribhainisahib.com,**
**Mob: +91 9463010382**

# ਭਾਗ – 1



# ਪ੍ਰਸ਼ਨ: ਉੱਤਰ

**ਪ੍ਰਸ਼ਨ:1 ਸਿੱਖਾਂ ਦੇ ਪਹਿਲੇ ਸਤਿਗੁਰੂ ਸਾਹਿਬ ਦਾ ਨਾਮ ਦੱਸੋ?**
ਉੱਤਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ

**ਪ੍ਰਸ਼ਨ:2 ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਸਾਥੀਆਂ ਦਾ ਨਾਂ ਦੱਸੋ?**
ਉੱਤਰ ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ।

**ਪ੍ਰਸ਼ਨ:3 ਗੁਰੂ ਨਾਨਕ ਦੇਵ ਜੀ ਨੇ ਕੁਲ ਕਿੰਨੀਆਂ ਉਦਾਸੀਆਂ ਕੀਤੀਆਂ?**
ਉੱਤਰ 4 ਉਦਾਸੀਆਂ ਕੀਤੀਆਂ

**ਪ੍ਰਸ਼ਨ:4 ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਹੜੇ ਗੁਰੂ ਸਾਹਿਬ ਨੇ ਕੀਤੀ?**
ਉੱਤਰ ਸ੍ਰੀ ਸਤਿਗੁਰੂ ਅਰਜੁਨ ਦੇਵ ਜੀ ਨੇ।

**ਪ੍ਰਸ਼ਨ:5 ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ?**
ਉੱਤਰ ਸਾਈਂ ਮੀਆਂ ਮੀਰ ਜੀ ਨੇ।

**ਪ੍ਰਸ਼ਨ:6 ਬੰਦੀ ਛੋੜ ਸਤਿਗੁਰੂ ਕਿਸਨੂੰ ਆਖਿਆ ਜਾਂਦਾ ਹੈ?**
ਉੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ।

**ਪ੍ਰਸ਼ਨ:7 ਮੀਰੀ ਪੀਰੀ ਦੀਆਂ ਤਲਵਾਰਾਂ ਕਿਸ ਨੇ ਪਹਿਨੀਆਂ ?**
ਉੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ

**ਪ੍ਰਸ਼ਨ:8 ਸਿੱਖਾਂ ਦੇ ਸੱਤਵੇਂ ਗੁਰੂ ਸਾਹਿਬ ਦਾ ਨਾਮ ਦੱਸੋ ?**
ਉੱਤਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ।

**ਪ੍ਰਸ਼ਨ:9 ਦਿੱਲੀ ਵਿੱਚ ਕਿਸ ਗੁਰੂ ਸਾਹਿਬ ਨੇ ਸ਼ਹਾਦਤ ਦਿੱਤੀ ?**
ਉੱਤਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ।

**ਪ੍ਰਸ਼ਨ: 10 ਖਾਲਸਾ ਪੰਥ ਦੀ ਸਾਜਨਾ ਕਿਸ ਨੇ ਕੀਤੀ ?**

ਉੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ।

**ਪ੍ਰਸ਼ਨ: 11 ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਦੇ ਨਾਮ ਦੱਸੋ ?**

ਉੱਤਰ
1. ਭਾਈ ਦਇਆ ਸਿੰਘ
2. ਭਾਈ ਧਰਮ ਸਿੰਘ
3. ਭਾਈ ਹਿੰਮਤ ਸਿੰਘ
4. ਭਾਈ ਮੋਹਕਮ ਸਿੰਘ
5. ਭਾਈ ਸਾਹਿਬ ਸਿੰਘ

**ਪ੍ਰਸ਼ਨ: 12 ਚਾਰ ਸਾਹਿਬਜ਼ਾਦਿਆਂ ਦੇ ਨਾਮ ਦੱਸੋ ?**

ਉੱਤਰ
1. ਸਾਹਿਬਜ਼ਾਦਾ ਅਜੀਤ ਸਿੰਘ
2. ਸਾਹਿਬਜ਼ਾਦਾ ਜੁਝਾਰ ਸਿੰਘ
3. ਸਾਹਿਬਜ਼ਾਦਾ ਜ਼ੋਰਾਵਰ ਸਿੰਘ
4. ਸਾਹਿਬਜ਼ਾਦਾ ਫਤਹਿ ਸਿੰਘ

**ਪ੍ਰਸ਼ਨ: 13 ਚੰਡੀ ਦੀ ਵਾਰ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?**

ਉੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਪ੍ਰਸ਼ਨ: 14 ਸ੍ਰੀ ਦਸਮ ਗ੍ਰੰਥ ਦੇ ਬਾਣੀਕਾਰ ਦਾ ਨਾਮ ਦੱਸੋ ?**

ਉੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਪ੍ਰਸ਼ਨ: 15 ਨਾਮਧਾਰੀ ਲਹਿਰ ਕਿਸ ਨੇ ਸ਼ੁਰੂ ਕੀਤੀ ?**

ਉੱਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ

**ਪ੍ਰਸ਼ਨ: 16 ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਕਿੱਥੇ ਹੋਇਆ ?**

ਉੱਤਰ ਪਿੰਡ ਰਾਈਆਂ, ਜ਼ਿਲ੍ਹਾ – ਲੁਧਿਆਣਾ

**ਪ੍ਰਸ਼ਨ: 17 ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?**

ਉੱਤਰ ਪਿਤਾ-ਬਾਬਾ ਜੱਸਾ ਸਿੰਘ ਜੀ
ਮਾਤਾ-ਸਦਾ ਕੌਰ ਜੀ

**ਪ੍ਰਸ਼ਨ: 18 ਸਤਿਗੁਰੂ ਰਾਮ ਸਿੰਘ ਜੀ ਦੇ ਭਰਾ ਦਾ ਨਾਮ ਕੀ ਸੀ ?**

ਉੱਤਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ (ਪਹਿਲਾ ਨਾਮ ਬਾਬਾ ਬੁੱਧ ਸਿੰਘ)

**ਪ੍ਰਸ਼ਨ: 19 ਪੰਜ ਕਕਾਰਾਂ ਦੇ ਨਾਮ ਦੱਸੋ ?**

ਉੱਤਰ
1. ਕੇਸ
2. ਕੰਘਾ
3. ਕੜਾ
4. ਕਿਰਪਾਨ
5. ਕਛਹਿਰਾ

**ਪ੍ਰਸ਼ਨ: 20 ਸ੍ਰੀ ਸਤਿਗੁਰੁ ਰਾਮ ਸਿੰਘ ਜੀ ਦੇ ਪੰਜ ਪਿਆਰਿਆਂ ਦੇ ਨਾਮ ਦੱਸੋ?**

ਉੱਤਰ
1. ਭਾਈ ਕਾਹਨ ਸਿੰਘ ਜੀ
2. ਭਾਈ ਲਾਭ ਸਿੰਘ ਜੀ
3. ਭਾਈ ਸੁਧ ਸਿੰਘ ਜੀ
4. ਭਾਈ ਆਤਮਾ ਸਿੰਘ ਜੀ
5. ਭਾਈ ਨੈਣਾ ਸਿੰਘ ਜੀ

**ਪ੍ਰਸ਼ਨ: 21 ਮਾਈਆਂ ਨੂੰ ਅੰਮ੍ਰਿਤ ਦੀ ਦਾਤ ਕਿਸ ਨੇ ਦਿੱਤੀ ?**

ਉੱਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ

**ਪ੍ਰਸ਼ਨ: 22 ਛੋਟੇ ਸਾਹਿਬਜ਼ਾਦਿਆਂ ਨੂੰ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ ?**

ਉੱਤਰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ।

**ਪ੍ਰਸ਼ਨ: 23 ਭਾਈ ਮਨੀ ਸਿੰਘ ਜੀ ਨੂੰ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ ?**

ਉੱਤਰ ਸਰੀਰ ਦੇ ਬੰਦ-ਬੰਦ ਕੱਟ ਕੇ।

**ਪ੍ਰਸ਼ਨ: 24 ਆਰੇ ਨਾਲ ਚੀਰ ਕੇ ਕਿਸ ਸਿੱਖ ਨੂੰ ਸ਼ਹੀਦ ਕੀਤਾ ਗਿਆ ?**
ਉੱਤਰ ਭਾਈ ਮਤੀ ਦਾਸ ਜੀ ਨੂੰ

**ਪ੍ਰਸ਼ਨ: 25 ਸ਼ਹੀਦ ਬਿਸ਼ਨ ਸਿੰਘ ਕਿੰਨੀ ਉਮਰ 'ਚ ਸ਼ਹੀਦ ਹੋਏ ?**
ਉੱਤਰ 12 ਸਾਲ ਦੀ

**ਪ੍ਰਸ਼ਨ: 26 ਮਲੇਰਕੋਟਲਾ ਵਿਖੇ ਕਿੰਨੇ ਨਾਮਧਾਰੀ ਸਿੰਘ ਸ਼ਹੀਦ ਹੋਏ ?**
ਉੱਤਰ 66 ਸਿੰਘ

**ਪ੍ਰਸ਼ਨ: 27 ਸ਼ੇਰ–ਏ–ਪੰਜਾਬ ਕਿਸ ਨੂੰ ਕਿਹਾ ਜਾਂਦਾ ਹੈ ?**
ਉੱਤਰ ਮਹਾਰਾਜਾ ਰਣਜੀਤ ਸਿੰਘ ਨੂੰ

**ਪ੍ਰਸ਼ਨ: 28 ਜਪੁਜੀ ਸਾਹਿਬ ਕਿਸ ਗੁਰੂ ਦੀ ਰਚਨਾ ਹੈ?**
ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ

**ਪ੍ਰਸ਼ਨ: 29 ਸ੍ਰੀ ਜੀਵਨ ਨਗਰ ਕਿਸ ਨੇ ਵਸਾਇਆ ?**
ਉੱਤਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ

**ਪ੍ਰਸ਼ਨ: 30 ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਾਤਾ ਜੀ ਦਾ ਨਾਮ ਦੱਸੋ ?**
ਉੱਤਰ ਮਾਤਾ ਜੀਵਨ ਕੌਰ ਜੀ

**ਪ੍ਰਸ਼ਨ: 31 ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦਾ ਨਾਮ ਦੱਸੋ ?**
ਉੱਤਰ ਬੇਅੰਤ ਜੀ

**ਪ੍ਰਸ਼ਨ: 32 ਗੋਪਾਲ ਰਤਨ ਸਨਮਾਨ ਕਿਸ ਗੁਰੂ ਸਾਹਿਬ ਨੂੰ ਮਿਲਿਆ ?**
ਉੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ

**ਪ੍ਰਸ਼ਨ: 33 ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਪਤਨੀ ਦਾ ਨਾਮ ਦੱਸੋ ?**
ਉੱਤਰ ਸ੍ਰੀ ਮਾਤਾ ਚੰਦ ਕੌਰ ਜੀ

**ਪ੍ਰਸ਼ਨ: 34 ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਪੁੱਤਰੀ ਦਾ ਨਾਮ ਦੱਸੋ ?**
ਉੱਤਰ ਬੀਬਾ ਸਾਹਿਬ ਕੌਰ ਜੀ

**ਪ੍ਰਸ਼ਨ: 35 ਸਤਿਗੁਰੂ ਉਦੇ ਸਿੰਘ ਜੀ ਦੇ ਮਾਤਾ – ਪਿਤਾ ਦਾ ਨਾਮ ਦੱਸੋ ?**
ਉੱਤਰ ਪਿਤਾ - ਮਹਾਰਾਜ ਬੀਰ ਸਿੰਘ ਜੀ
ਮਾਤਾ - ਬੇਬੇ ਦਲੀਪ ਕੌਰ ਜੀ

**ਪ੍ਰਸ਼ਨ: 36 ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸੁਪਤਨੀ ਦਾ ਨਾਮ ਦੱਸੋ ?**
ਉੱਤਰ ਮਾਤਾ ਗੁਰਸ਼ਰਨ ਕੌਰ ਜੀ

**ਪ੍ਰਸ਼ਨ: 37 ਗਿਆਰ੍ਹਵੀਂ ਪਾਤਸ਼ਾਹੀ ਦਾ ਨਾਮ ਦੱਸੋ ?**
ਉੱਤਰ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

**ਪ੍ਰਸ਼ਨ: 38 ਸ੍ਰੀ ਭੈਣੀ ਸਾਹਿਬ ਦੇ ਪੰਜ ਇਤਿਹਾਸਿਕ ਸਥਾਨਾਂ ਦੇ ਨਾਮ ਦੱਸੋ ?**
ਉੱਤਰ
1. ਰਾਮ ਮੰਦਰ
2. ਹਰੀ ਮੰਦਰ
3. ਜਗਜੀਤ ਮੰਦਰ
4. ਪ੍ਰਤਾਪ ਮੰਦਰ
5. ਅਕਾਲ ਬੂੰਗਾ

**ਪ੍ਰਸ਼ਨ: 39 ਜਗਜੀਤ ਮੰਦਰ ਕਿਸ ਸਤਿਗੁਰੂ ਸਾਹਿਬ ਦੀ ਯਾਦ 'ਚ ਬਣਾਇਆ ਗਿਆ ਹੈ ?**
ਉੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

**ਪ੍ਰਸ਼ਨ: 40 ਸ੍ਰੀ ਭੈਣੀ ਸਾਹਿਬ ਮਨਾਏ ਜਾਣ ਵਾਲੇ ਦੋ ਮੇਲਿਆਂ ਦੇ ਨਾਮ ਦੱਸੋ ?**
ਉੱਤਰ 1) ਹੋਲਾ ਮਹੱਲਾ
2) ਅੱਸੂ ਦਾ ਮੇਲਾ

# ਮੂਲ ਮੰਤਰ

ੴ

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

****

# ਅਰਦਾਸ ਪਾਤਸ਼ਾਹੀ ੧੨ਵੀਂ

ੴ

ਵਾਹਿਗੁਰੂ ਜੀ ਕੀ ਫਤੇ ॥

ਸ੍ਰੀ ਭਗਉਤੀ ਜੀ ਸਹਾਇ ॥ ਪਾਤਸ਼ਾਹੀ ੧੨ਵੀਂ ॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ ॥ ਫਿਰਿ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ ॥ ਅਰਜੁਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥ ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸੁ ਡਿਠੇ ਸਭ ਦੁਖੁ ਜਾਇ ॥ ਤੇਗ ਬਹਾਦਰ ਸਿਮਰੀਐ ਘਰਿ ਨਉਨਿਧਿ ਆਵੈ ਧਾਇ ॥ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਇ ਸਹਾਇ ॥ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਸਿਮਰੀਐ ਜਿਨ ਮਾਰਗ ਦੀਆ ਬਤਾਇ ॥ ਅਕਾਲ ਪੁਰਖ ਅੰਤਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨ ਜਮ ਤੇ ਲੀਆ ਛਡਾਇ ॥ ਜੋਤਿ ਕਾ ਜਾਮਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਿਮਰੀਐ ਜਿਨ ਟੁੱਟੀ ਲਈ ਮਿਲਾਇ ॥ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮਰੀਐ ਜਿਨ੍ਹਾਂ ਕਲਿਜੁਗ ਵਿਚ ਸੁੱਚ ਸੋਧ ਨਾਮ ਬਾਣੀ ਦਾ ਪ੍ਰਵਾਹ ਦਿੱਤਾ ਚਲਾਇ ॥ ਸਰਬ ਕਲਾ ਸਮਰੱਥ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਿਮਰੀਐ ਜਨਮ ਮਰਨ ਦੁੱਖ ਜਾਇ ॥ ਹਾਜ਼ਰਾ ਹਜ਼ੂਰ ਪਹਿਰੇ ਦੇ ਮਾਲਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਭ ਥਾਈਂ ਹੋਹੁ ਸਹਾਇ ॥

ਗੁਰੂ ਜੀ ਕੇ ਚਾਰ ਸਾਹਿਬਜ਼ਾਦੇ, ਪੰਜ ਪਿਆਰੇ, ਚਾਲੀ ਮੁਕਤੇ, ਅਤੇ ਬੇਅੰਤ ਸ਼ਹੀਦਾਂ ਦੀ ਕਮਾਈ ਵੱਲ ਧਿਆਨ ਧਰ ਕੇ, ਆਪ ਜੀ ਦਾ ਪਵਿੱਤਰ ਨਾਮ ਚਿਤ ਆਵੇ ॥ ਸਤਿਗੁਰੂ ਜੀ ਪਾਤਸ਼ਾਹ ! ਅਸੀਂ ਸਦਾ ਭੁੱਲਣਹਾਰ ਹਾਂ, ਆਪ ਸਦਾ ਬਖਸ਼ਿੰਦ ਹੋ, ਦਰੋਂ ਘਰੋਂ ਸਿੱਖੀ ਸਿਦਕ ਬਖਸ਼ੋ, ਬੇਮੁੱਖ ਹੋ ਕੇ ਨਾ ਮਰੀਏ ॥ ਧਰਤੀ ਤੇ ਧਰਮ ਵਰਤਾਓ, ਮਹਾਂ ਮਲੇਛ ਦਾ ਨਾਸ ਕਰੋ, ਸੰਤ ਖਾਲਸੇ ਦਾ ਪ੍ਰਕਾਸ਼ ਕਰੋ ॥ ਗਊ ਗਰੀਬ ਦੇ ਕਸ਼ਟ ਨੂੰ ਦੂਰ ਕਰੋ, ਕੁਲ

ਸ੍ਰਿਸ਼ਟੀ ਆਪ ਜੀ ਦਾ ਨਾਮ ਜਪੇ, ਕੋਈ ਦੁਖੀਆ ਰਹੇ ਨਾ ॥
ਜੋ ਤੈ ਗੁਰੂ ਰੂਪ ਧਾਰ ਕੇ ਹੁਕਮੁ ਦਿੱਤਾ ਹੈ ਗੁਰਬਾਣੀ ਮੇਂ, ਸੋ ਤੂੰ ਆਪਣਾ ਹੁਕਮ ਸਦਾ ਈ ਮਨਾਈਂ ॥ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਆਪ ਜੀ ਦੇ ਚਰਨਾਂ ਵਿਚ ਪ੍ਰਾਰਥਨਾ ਹੈ ਸਾਡਾ ਧਰਮ ਬਣਿਆ ਰਹੇ । ਦੀਨਾਬੰਧੂ ਸਤਿਗੁਰੂ ਸੱਚੇ ਪਾਤਸ਼ਾਹ ਆਪ ਜੀ ਦੀ ਕ੍ਰਿਪਾ ਨਾਲ ਆਪ ਦੀਆਂ ਪਿਆਰੀਆਂ ਸੰਗਤਾਂ ਨੇ ਇਕੱਤਰ ਹੋ ਕੇ ਪਵਿੱਤਰ ਨਾਮ ਦਾ ਸਿਮਰਨ ਕੀਤਾ ਹੈ ਆਪ ਜੀ ਦੇ ਦਰਸ਼ਨ ਨਮਿੱਤ, ਦਰ ਪਰਵਾਨ ਹੋਵੇ ॥ ਦਰਸ਼ਨਾਂ ਦੀ ਦਾਤ ਬਖਸ਼ਣੀ……

ਨ ਵਿਸਰੋ ਨ ਵਿਸਾਰੋ, ਰੱਖ ਲਉ, ਬਖਸ਼ ਲਉ,
ਦੇਹ ਕਰਕੇ ਦੇਹੁ ਦੀਦਾਰ,
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ ॥
ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ॥

# ਪ੍ਰਸ਼ਾਦਾ ਛਕਣ ਉਪਰੰਤ ਅਰਦਾਸ

## ਹੁਕਮ – ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਲੋਕੁ ॥

ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ ॥

ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ ॥੧॥

ਪਉੜੀ ॥

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥

ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥

ਦੈਨਹਾਰੁ ਸਦ ਜੀਵਨਹਾਰਾ ॥

ਮਨ ਮੂਰਖ ਕਿਉ ਤਾਹਿ ਬਿਸਾਰਾ ॥

ਦੋਸੁ ਨਹੀ ਕਾਹੂ ਕਉ ਮੀਤਾ ॥

ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥

ਦਰਦ ਨਿਵਾਰਹਿ ਜਾ ਕੇ ਆਪੇ ॥

ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥੩੪॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ,

ਤੇਰੀ ਦੇਗੋਂ ਪ੍ਰਸ਼ਾਦਾ ਛਕਿਆ,

ਲੋਹ ਲੰਗਰ ਤਪੇ ਸਾਧ ਸੰਗਤ ਛਕੇ ,

ਅਤੁੱਟ ਭੰਡਾਰੇ ਵਰਤਣ, ਦੇਗੋਂ ਤੇਗੋਂ ਫਤਿਹ ॥

ਸ੍ਰੀ ਸਤਿਗੁਰੂ ਰਾਮ ਸਿੰਘ ਨਾਮ ਚੜਦੀ ਕਲਾ

ਤੇਰੇ ਭਾਣੇ ਸਰਬੱਤ ਦਾ ਭਲਾ ॥

ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ॥

# ਭਾਗ – 2

# ਪ੍ਰਸ਼ਨ: ਉੱਤਰ

**ਪ੍ਰਸ਼ਨ:** 1 **ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕਿੱਥੇ ਹੋਇਆ ?**
**ਉੱਤਰ** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 'ਰਾਇ ਭੋਇ' ਦੀ ਤਲਵੰਡੀ ਵਿਖੇ ਹੋਇਆ । ਇਸ ਜਗ੍ਹਾ ਨੂੰ ਅੱਜਕੱਲ "ਸ੍ਰੀ ਨਨਕਾਣਾ ਸਾਹਿਬ" ਆਖਿਆ ਜਾਂਦਾ ਹੈ।

**ਪ੍ਰਸ਼ਨ:** 2 **ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਾਤਾ ਪਿਤਾ ਦਾ ਨਾਮ ਦੱਸੋ ?**
**ਉੱਤਰ** ਪਿਤਾ- ਮਹਿਤਾ ਕਾਲੂ ਜੀ
ਮਾਤਾ- ਤ੍ਰਿਪਤਾ ਜੀ

**ਪ੍ਰਸ਼ਨ:** 3 **ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਮ ਕੀ ਸੀ ?**
ਉੱਤਰ ਬੇਬੇ ਨਾਨਕੀ ਜੀ।

**ਪ੍ਰਸ਼ਨ:** 4 **ਭਾਈ ਬਾਲਾ ਤੇ ਮਰਦਾਨਾ ਕਿਹੜੇ ਸਤਿਗੁਰੂ ਜੀ ਦੇ ਸੇਵਕ ਸਨ ?**
ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ।

**ਪ੍ਰਸ਼ਨ:** 5 **ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿੰਨੀਆਂ ਉਦਾਸੀਆਂ ਕੀਤੀਆਂ ?**
**ਉੱਤਰ** ਕੁਲ 4 ਉਦਾਸੀਆਂ ਕੀਤੀਆਂ

**ਪ੍ਰਸ਼ਨ:** 6 **ਗੁਰੂ ਨਾਨਕ ਦੇਵ ਜੀ ਦੀਆਂ ਦੋ ਬਾਣੀਆਂ ਦੇ ਨਾਮ ਦੱਸੋ ?**
**ਉੱਤਰ** ਜਪੁਜੀ ਸਾਹਿਬ ਅਤੇ ਆਸਾ ਦੀ ਵਾਰ

**ਪ੍ਰਸ਼ਨ:** 7 **ਦੇਹਧਾਰੀ ਗੁਰੂ ਦੀ ਪ੍ਰਥਾ ਕਿਸ ਨੇ ਸ਼ੁਰੂ ਕੀਤੀ ?**
**ਉੱਤਰ** ਸ੍ਰੀ ਗੁਰੂ ਨਾਨਕ ਦੇਵ ਜੀ

**ਪ੍ਰਸ਼ਨ:** 8 **ਗੁਰਮੁਖੀ ਵਿੱਦਿਆ ਦਾ ਪ੍ਰਚਾਰ ਕਿਸ ਨੇ ਸ਼ੁਰੂ ਕੀਤਾ ?**
**ਉੱਤਰ** ਸ੍ਰੀ ਗੁਰੂ ਅੰਗਦ ਦੇਵ ਜੀ

**ਪ੍ਰਸ਼ਨ:** 9 **ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਕੀ ਸੀ?**
ਉੱਤਰ ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਦੂਸਰੇ ਗੁਰੂ ਸਨ। ਆਪ ਜੀ ਦਾ ਪਹਿਲਾ ਨਾਮ 'ਭਾਈ ਲਹਿਣਾ' ਜੀ ਸੀ।

**ਪ੍ਰਸ਼ਨ:** 10 **ਗੁਰੂ ਅੰਗਦ ਦੇਵ ਜੀ ਦੀ ਸਿੱਖ ਇਤਿਹਾਸ ਨੂੰ ਕੀ ਮਹਾਨ ਦੇਣ ਹੈ?**
ਉੱਤਰ ਭਾਈ ਬਾਲੇ ਵਾਲੀ "ਜਨਮ ਸਾਖੀ"

**ਪ੍ਰਸ਼ਨ:** 11 **ਗੋਇੰਦਵਾਲ ਨਗਰ ਕਿਹੜੇ ਸਤਿਗੁਰੂ ਜੀ ਨੇ ਵਸਾਇਆ?**
ਉੱਤਰ ਗੁਰੂ ਅਮਰਦਾਸ ਜੀ ਨੇ।

**ਪ੍ਰਸ਼ਨ:** 12 **ਸ੍ਰੀ ਗੁਰੂ ਅਮਰਦਾਸ ਜੀ ਨੇ ਕਿਸ ਮੇਲੇ ਦੀ ਸ਼ੁਰੂਆਤ ਕੀਤੀ ?**
ਉੱਤਰ ਵਿਸਾਖੀ ਦਾ ਮੇਲਾ

**ਪ੍ਰਸ਼ਨ:** 13 **ਆਨੰਦ ਸਾਹਿਬ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?**
ਉੱਤਰ ਸ੍ਰੀ ਗੁਰੂ ਅਮਰਦਾਸ ਜੀ

**ਪ੍ਰਸ਼ਨ:** 14 **ਸ੍ਰੀ ਗੁਰੂ ਰਾਮ ਦਾਸ ਜੀ ਦਾ ਵਿਆਹ ਕਿਸਦੇ ਨਾਲ ਹੋਇਆ ?**
ਉੱਤਰ ਸ੍ਰੀ ਗੁਰੂ ਰਾਮ ਦਾਸ ਜੀ ਦਾ ਵਿਆਹ ਮਾਤਾ ਭਾਨੀ ਜੀ ਸਪੁੱਤਰੀ ਸ੍ਰੀ ਗੁਰੂ ਅਮਰਦਾਸ ਜੀ ਨਾਲ ਹੋਇਆ।

**ਪ੍ਰਸ਼ਨ:** 15 **ਅੰਮ੍ਰਿਤਸਰ ਵਿਖੇ ਰਾਮ ਸਰੋਵਰ ਦੀ ਖੁਦਾਈ ਕਿਸ ਨੇ ਕਰਵਾਈ ?**
ਉੱਤਰ ਰਾਮ ਸਰੋਵਰ ਦੀ ਖੁਦਾਈ ਸ੍ਰੀ ਗੁਰੂ ਰਾਮ ਦਾਸ ਜੀ ਨੇ ਕਰਵਾਈ।

**ਪ੍ਰਸ਼ਨ:** 16 **ਗੁਰੂ ਅਰਜੁਨ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?**
ਉੱਤਰ ਪੰਜਵੇ ਗੁਰੂ ਸਨ।

**ਪ੍ਰਸ਼ਨ:** 17 **ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਿਸ ਨੇ ਕਰਵਾਈ ?**
ਉੱਤਰ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਕਰਵਾਈ।

**ਪ੍ਰਸ਼ਨ:** 18 **ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ?**
**ਉੱਤਰ** ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ

**ਪ੍ਰਸ਼ਨ:** 19 **ਹਰਿਮੰਦਰ ਸਾਹਿਬ ਦੇ ਪਹਿਲੇ ਹੈਡ ਗ੍ਰੰਥੀ ਦਾ ਨਾਮ ਦੱਸੋ ?**
**ਉੱਤਰ** ਬਾਬਾ ਬੁੱਢਾ ਸਾਹਿਬ ਜੀ ।

**ਪ੍ਰਸ਼ਨ:** 20 **ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਿਸ ਸਤਿਗੁਰੂ ਸਾਹਿਬਾਨ ਨੇ ਕੀਤੀ ?**
ਉੱਤਰ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ।

**ਪ੍ਰਸ਼ਨ:** 21 **ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹੜੇ ਕਿਹੜੇ ਨਗਰ ਵਸਾਏ ?**
**ਉੱਤਰ** ਅੰਮ੍ਰਿਤਸਰ, ਛੇਹਰਟਾ, ਤਰਨ-ਤਾਰਨ ਅਤੇ ਕਰਤਾਰਪੁਰ

**ਪ੍ਰਸ਼ਨ:** 22 **ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਸ਼ਹੀਦ ਕਰਨ ਲਈ ਕੀ-ਕੀ ਤਸੀਹੇ ਦਿੱਤੇ ਗਏ ?**
ਉੱਤਰ
1. ਉਬਲਦੀ ਦੇਗ ਵਿਚ ਬਿਠਾਇਆ ਗਿਆ।
2. ਤੱਤੀ ਤਵੀ ਤੇ ਬਿਠਾਕੇ ਸੀਸ ਉੱਪਰ ਗਰਮ ਰੇਤ ਪਾਈ ਗਈ।

**ਪ੍ਰਸ਼ਨ:** 23 **ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਵਿਚ ਕੀ ਪਰਿਵਰਤਨ ਕੀਤਾ ?**
ਉੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਹੱਥ ਵਿਚ ਤਲਵਾਰ ਫੜਾ ਕੇ ਭਗਤੀ ਦੇ ਨਾਲ-ਨਾਲ ਜੋਧੇ ਤੇ ਸੂਰਮੇ ਬਣਨ ਦਾ ਹੁਕਮ ਦਿੱਤਾ ।

**ਪ੍ਰਸ਼ਨ:** 24 **ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ "ਬੰਦੀ ਛੋੜ" ਕਿਉਂ ਕਿਹਾ ਜਾਂਦਾ ਹੈ?**
ਉੱਤਰ ਕਿਉਂਕਿ ਉਹਨਾਂ ਨੇ ਗਵਾਲੀਅਰ ਦੇ ਕਿਲੇ ਵਿਚੋਂ ਰਿਹਾਅ ਹੋਣ

ਸਮੇਂ 52 ਰਾਜਿਆਂ ਨੂੰ ਵੀ ਆਪਣੇ ਨਾਲ ਰਿਹਾਅ ਕਰਵਾਇਆ ਸੀ।

**ਪ੍ਰਸ਼ਨ:** 25 **ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁ.ਗਲ ਹਕੂਮਤ ਵਿਰੁੱਧ ਕਿੰਨੀਆਂ ਜੰਗਾਂ ਲੜੀਆਂ ?**

ਉੱਤਰ 4 ਜੰਗਾਂ ਲੜੀਆਂ।

**ਪ੍ਰਸ਼ਨ:** 26 **ਸ੍ਰੀ ਰਾਮ ਰਾਇ ਜੀ ਕੌਣ ਸਨ?**

**ਉੱਤਰ** ਸ਼੍ਰੀ ਗੁਰੂ ਹਰਿ ਰਾਇ ਜੀ ਦੇ ਸਪੁੱਤਰ ਸਨ।

**ਪ੍ਰਸ਼ਨ:** 27 **ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕਿੰਨੇ ਸਾਲ ਦੀ ਉਮਰ ਵਿੱਚ ਗੁਰਗੱਦੀ ਤੇ ਸੁਭਾਇਮਾਨ ਹੋਏ ?**

ਉੱਤਰ ਪੰਜ ਸਾਲ ਦੀ ਉਮਰ ਵਿੱਚ ।

**ਪ੍ਰਸ਼ਨ:** 28 **ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਦਿੱਲੀ ਜਾਂਦਿਆਂ ਪੰਜੋਖਰੇ ਨਗਰ ਵਿਚ ਕੀ ਚੋਜ ਕੀਤਾ ?**

ਉੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਹੰਕਾਰੀ ਪੰਡਤਾਂ ਦੇ ਸ਼ੰਕੇ ਦੀ ਨਵਿਰਤੀ ਲਈ ਪੰਜੋਖਰਾ (ਅੰਬਾਲਾ) ਵਿਖੇ ਅਨਪੜ੍ਹ ਛੱਜੂ ਝਿਊਰ ਦੇ ਸਿਰ ਉੱਤੇ ਛੜੀ ਧਰਕੇ ਗੀਤਾ ਦੇ ਅਰਥ ਸੁਣਵਾਏ।

**ਪ੍ਰਸ਼ਨ:** 29 **ਔਰੰਗਜ਼ੇਬ ਹਕੂਮਤ ਨੇ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਸ਼ਹੀਦੀ ਤੋਂ ਪਹਿਲਾਂ ਕਿਹੜੀਆਂ ਤਿੰਨ ਸ਼ਰਤਾਂ ਰੱਖੀਆਂ ?**

ਉੱਤਰ
1. ਕਰਾਮਾਤ ਦਿਖਾਓ, ਨਹੀਂ ਤਾਂ
2. ਇਸਲਾਮ ਕਬੂਲ ਕਰੋ, ਨਹੀਂ ਤਾਂ
3. ਪ੍ਰਾਣ ਦੇਣ ਲਈ ਤਿਆਰ ਹੋ ਜਾਵੋ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਹਿਲੀਆਂ ਦੋਵੇਂ ਸ਼ਰਤਾਂ ਅਸਵੀਕਾਰ ਕਰਕੇ ਤੀਜੀ ਸ਼ਰਤ ਮੰਨਕੇ ਸ਼ਹਾਦਤ ਦਿੱਤੀ।

**ਪ੍ਰਸ਼ਨ:** 30 **ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਪਹਿਲਾ ਨਾਮ ਕੀ ਸੀ?**

**ਉੱਤਰ** ਸ੍ਰੀ ਤਿਆਗ ਮੱਲ ਜੀ ।

**ਪ੍ਰਸ਼ਨ:** 31 **ਆਨੰਦਪੁਰ ਸਾਹਿਬ ਕਿਸਨੇ ਵਸਾਇਆ ਅਤੇ ਇਸਦਾ ਪਹਿਲਾ ਨਾਮ ਕੀ ਰੱਖਿਆ ਗਿਆ ?**

**ਉੱਤਰ** ਆਨੰਦਪੁਰ ਸਾਹਿਬ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਵਸਾਇਆ। ਇਸਦਾ ਪਹਿਲਾ ਨਾਮ "ਚੱਕ ਨਾਨਕੀ" ਰੱਖਿਆ।

**ਪ੍ਰਸ਼ਨ:** 32 **ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਹੋਰ ਕਿਹੜੇ-ਕਿਹੜੇ ਸਿੱਖਾਂ ਨੂੰ ਅਤੇ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ ?**

ਉੱਤਰ

1. ਭਾਈ ਮਤੀ ਦਾਸ ਜੀ: ਜਿਉਂਦਿਆਂ ਆਰੇ ਨਾਲ ਚੀਰੇ ਗਏ।
2. ਭਾਈ ਦਿਆਲਾ ਜੀ: ਉਬਲਦੀ ਦੇਗ ਵਿਚ ਉਬਾਲੇ ਗਏ।
3. ਭਾਈ ਸਤੀ ਦਾਸ ਜੀ: ਰੂੰ 'ਚ ਲਪੇਟ ਕੇ ਅੱਗ ਲਗਾ ਦਿੱਤੀ ਗਈ।

**ਪ੍ਰਸ਼ਨ:** 33 **ਭਾਈ ਤਾਰੂ ਸਿੰਘ ਜੀ ਨੂੰ ਕਿਸਤਰਾਂ ਸ਼ਹੀਦ ਕੀਤਾ ਗਿਆ ?**

ਉੱਤਰ ਭਾਈ ਤਾਰੂ ਸਿੰਘ ਜੀ ਦੀ ਖੋਪੜੀ ਉਤਾਰ ਦਿਤੀ ਗਈ ਸੀ।

**ਪ੍ਰਸ਼ਨ:** 34 **ਭਾਈ ਮਨੀ ਸਿੰਘ ਜੀ ਨੂੰ ਕਿਸਤਰਾਂ ਸ਼ਹੀਦ ਕੀਤਾ ਗਿਆ?**

ਉੱਤਰ ਬੰਦ ਬੰਦ ਕੱਟ ਕੇ।

**ਪ੍ਰਸ਼ਨ:** 35 **ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿੱਥੇ ਸ਼ਹੀਦ ਕੀਤਾ ਗਿਆ ?**

ਉੱਤਰ ਚਾਂਦਨੀ ਚੌਂਕ, ਦਿੱਲੀ

**ਪ੍ਰਸ਼ਨ:** 36 **ਗੁਰੂ ਤੇਗ ਬਹਾਦਰ ਜੀ ਨੂੰ "ਹਿੰਦ ਦੀ ਚਾਦਰ" ਕਿਉਂ ਕਿਹਾ ਜਾਂਦਾ ਹੈ?**

ਉੱਤਰ ਕਿਉਂਕਿ ਉਹਨਾਂ ਨੇ ਹਿੰਦੂ ਧਰਮ ਅਤੇ ਸਮੁੱਚੇ ਹਿੰਦੋਸਤਾਨ ਦੀ ਆਨ ਸ਼ਾਨ ਬਚਾਉਣ ਖਾਤਰ ਸ਼ਹਾਦਤ ਦਿੱਤੀ।

**ਪ੍ਰਸ਼ਨ:** 37 **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਦੋਂ ਅਤੇ ਕਿੱਥੇ ਹੋਇਆ?**

**ਉੱਤਰ** 1666 ਈਸਵੀ ਨੂੰ ਪਟਨਾ ਸਾਹਿਬ, ਬਿਹਾਰ ਵਿਖੇ ਹੋਇਆ

**ਪ੍ਰਸ਼ਨ: 38 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?**

**ਉੱਤਰ** ਮਾਤਾ- ਗੁਜਰੀ ਜੀ
ਪਿਤਾ-ਸ੍ਰੀ ਗੁਰੂ ਤੇਗ ਬਹਾਦਰ ਜੀ

**ਪ੍ਰਸ਼ਨ: 39 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਦੋਂ ਤੇ ਕਿੱਥੇ ਕੀਤੀ ?**

ਉੱਤਰ ਸੰਨ 1699 ਈਸਵੀ ਨੂੰ ਵੈਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ।

**ਪ੍ਰਸ਼ਨ: 40 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਦੇ ਨਾਮ ਦੱਸੋ ?**

ਉੱਤਰ
1. ਭਾਈ ਦਇਆ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਹਿੰਮਤ ਸਿੰਘ ਜੀ
4. ਭਾਈ ਮੋਹਕਮ ਸਿੰਘ ਜੀ
5. ਭਾਈ ਸਾਹਿਬ ਸਿੰਘ ਜੀ

**ਪ੍ਰਸ਼ਨ: 41 ਪੰਜ ਕਕਾਰਾਂ ਦੇ ਨਾਮ ਤੇ ਮਹਾਨਤਾ ਦੱਸੋ?**

ਉੱਤਰ ਕੇਸ - ਸਿੱਖੀ ਦੀ ਪਛਾਣ
ਕੰਘਾ - ਕੇਸਾਂ ਦੀ ਸਫਾਈ ਲਈ
ਕੜਾ - ਵਹਿਮਾਂ ਭਰਮਾਂ ਨੂੰ ਤੋੜਨ ਲਈ
ਕਿਰਪਾਨ - ਸਵੈ ਵਿਸ਼ਵਾਸ ਲਈ
ਕਛਹਿਰਾ - ਚੰਗੇ ਆਚਰਨ ਲਈ

**ਪ੍ਰਸ਼ਨ: 42 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਪਤਨੀਆਂ ਦੇ ਨਾਮ ਦੱਸੋ ?**

**ਉੱਤਰ** ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ

**ਪ੍ਰਸ਼ਨ: 43 ਚਾਰ ਸਾਹਿਬਜ਼ਾਦਿਆਂ ਦੇ ਨਾਮ ਦਸੋ?**

ਉੱਤਰ
1. ਸਾਹਿਬਜ਼ਾਦਾ ਅਜੀਤ ਸਿੰਘ
2. ਸਾਹਿਬਜ਼ਾਦਾ ਜੁਝਾਰ ਸਿੰਘ
3. ਸਾਹਿਬਜ਼ਾਦਾ ਜ਼ੋਰਾਵਰ ਸਿੰਘ

4. ਸਾਹਿਬਜ਼ਾਦਾ ਫਤਹਿ ਸਿੰਘ

**ਪ੍ਰਸ਼ਨ:** 44 **ਸਾਹਿਬਜ਼ਾਦੇ ਕਿਸ-ਕਿਸ ਥਾਂ ਤੇ ਸ਼ਹੀਦ ਹੋਏ ?**

ਉੱਤਰ
1. ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ 'ਚਮਕੌਰ ਦੀ ਜੰਗ' ਵਿਚ ਸ਼ਹੀਦ ਹੋਏ।
2. ਸਾਹਿਬਜ਼ਾਦਾ ਜੋਰਾਵਰ ਸਿੰਘ (ਉਮਰ 9 ਸਾਲ) ਤੇ ਸਾਹਿਬਜ਼ਾਦਾ ਫਤਹਿ ਸਿੰਘ (ਉਮਰ 7 ਸਾਲ) 'ਸਰਹੰਦ' ਵਿਖੇ ਸ਼ਹੀਦ ਹੋਏ।

**ਪ੍ਰਸ਼ਨ:** 45 **ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੇ- ਕਿਹੜੇ ਕਿਲੇ ਉਸਾਰੇ?**

**ਉੱਤਰ** ਫਤਿਹਗੜ੍ਹ, ਆਨੰਦਗੜ੍ਹ, ਕੇਸਗੜ੍ਹ, ਹੋਲਗੜ੍ਹ, ਲੋਹਗੜ੍ਹ ਅਤੇ ਨਿਰਮੋਹਗੜ੍ਹ

**ਪ੍ਰਸ਼ਨ:** 46 **ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦੀ ਦਾਤ ਕਿਸ ਨੂੰ ਸੰਭਾਲੀ ?**

ਉੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦੀ ਦਾਤ ਗੁਰੂ ਬਾਲਕ ਸਿੰਘ ਜੀ ਨੂੰ ਬਖਸ਼ੀ।

**ਪ੍ਰਸ਼ਨ:** 47 **" ਬੇਰ ਗਿਆਰਵੀਂ ਜਬ ਹਮ ਆਵਹਿ**
**ਤਿਸਤੇ ਕੋਇਕ ਹਮ ਲਖ ਪਾਵਹਿ"**
**ਇਹ ਤੁਕਾਂ ਕਿਸ ਗ੍ਰੰਥ ਵਿੱਚ ਅੰਕਿਤ ਹਨ ਅਤੇ ਇਸਦੇ ਅਰਥ ਦੱਸੋ?**

**ਉੱਤਰ** ਇਹ ਤੁਕਾਂ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿੱਚ ਰੁਤ ਪੰਜਵੀਂ ਅੰਸ਼ 38 ਵਿੱਚ ਅੰਕਿਤ ਹਨ।
ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ 'ਜਦੋਂ ਗਿਆਰ੍ਹਵੇਂ ਜਾਮੇ ਵਿਚ ਆਵਾਂਗੇ ਤਾਂ ਲੱਖਾਂ ਵਿਚੋਂ ਕੋਈ ਵਿਰਲਾ ਹੀ (ਇਕ ਹੀ) ਸਾਡੀ ਪਹਿਚਾਣ ਕਰ ਸਕੇਗਾ'।

**ਪ੍ਰਸ਼ਨ:** 48 **ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਭੇ ਦੀ ਝਿੜੀ ਵਿੱਚ ਕਿਸ ਨਾਮ ਨਾਲ ਵਿਚਰਦੇ ਰਹੇ?**

**ਉੱਤਰ** ਬਾਬਾ ਅਜਾਪਾਲ ਸਿੰਘ ਜੀ ਦੇ ਨਾਮ ਨਾਲ

**ਪ੍ਰਸ਼ਨ:** 49 **ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਨਿਵਾਸ ਅਸਥਾਨ ਕਿੱਥੇ ਹੈ?**
ਉੱਤਰ ਸ੍ਰੀ ਹਜਰੋਂ ਸਾਹਿਬ (ਪਾਕਿਸਤਾਨ) ਵਿਖੇ।

**ਪ੍ਰਸ਼ਨ:** 50 **ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰਤਾ ਦੀ ਦਾਤ ਕਿਸ ਨੂੰ ਸੰਭਾਲੀ ?**
ਉੱਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ।

**ਪ੍ਰਸ਼ਨ:** 51 **ਸਤਿਗੁਰੂ ਰਾਮ ਸਿੰਘ ਜੀ ਦੇ ਮਾਤਾ- ਪਿਤਾ ਦਾ ਨਾਮ ਦੱਸੋ ?**
**ਉੱਤਰ** ਪਿਤਾ- ਬਾਬਾ ਜੱਸਾ ਸਿੰਘ ਜੀ
ਮਾਤਾ- ਸਦਾ ਕੌਰ ਜੀ

**ਪ੍ਰਸ਼ਨ:** 52 **ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?**
ਉੱਤਰ 1816 ਈ. ਨੂੰ ਪਿੰਡ ਰਾਈਆਂ (ਲੁਧਿਆਣਾ)

**ਪ੍ਰਸ਼ਨ:** 53 **ਰਾਏਕੋਟ ਵਿਖੇ ਕਿਹੜੇ ਤਿੰਨ ਸਿੰਘਾਂ ਨੂੰ ਫਾਂਸੀ ਲਗਾਈ ਗਈ ?**
ਉੱਤਰ ਸੰਤ ਮਸਤਾਨ ਸਿੰਘ, ਸੰਤ ਮੰਗਲ ਸਿੰਘ ਅਤੇ ਸੰਤ ਗੁਰਮੁੱਖ ਸਿੰਘ ਜੀ।

**ਪ੍ਰਸ਼ਨ:** 54 **ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਕਿਹੜੇ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾਇਆ ?**
ਉੱਤਰ
1. ਭਾਈ ਕਾਹਨ ਸਿੰਘ ਨਿਹੰਗ
2. ਭਾਈ ਲਾਭ ਸਿੰਘ ਰਾਗੀ
3. ਭਾਈ ਸੁਧ ਸਿੰਘ
4. ਭਾਈ ਆਤਮਾ ਸਿੰਘ
5. ਭਾਈ ਨੈਣਾਂ ਸਿੰਘ

**ਪ੍ਰਸ਼ਨ:** 55 **ਸਭ ਤੋਂ ਪਹਿਲਾਂ ਇਸਤਰੀਆਂ ਨੂੰ ਅੰਮ੍ਰਿਤ ਦੀ ਦਾਤ ਕਿਹੜੇ ਸਤਿਗੁਰੂ ਜੀ ਨੇ ਬਖਸ਼ੀ ?**
ਉੱਤਰ ਇਸਤਰੀਆਂ ਨੂੰ ਅੰਮ੍ਰਿਤ ਦੀ ਦਾਤ, ਸਤਿਗੁਰੂ ਰਾਮ ਸਿੰਘ ਜੀ ਨੇ ਬਖਸ਼ੀ।

**ਪ੍ਰਸ਼ਨ:** 56 **ਅਨੰਦ ਕਾਰਜ ਦੀ ਰਸਮ ਕਿਹੜੇ ਸਤਿਗੁਰੂ ਜੀ ਨੇ ਕਦੋਂ ਆਰੰਭ ਕੀਤੀ?**

ਉੱਤਰ ਅਨੰਦ ਕਾਰਜ ਦੀ ਰਸਮ 3 ਜੂਨ 1863 ਨੂੰ ਪਹਿਲੀ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਆਰੰਭ ਕੀਤੀ।

**ਪ੍ਰਸ਼ਨ:** 57 **ਮਲੇਰਕੋਟਲਾ ਸਾਕੇ ਵਿਚ 17-18 ਜਨਵਰੀ 1872 ਈ ਨੂੰ ਕਿੰਨੇ ਸਿੰਘ ਸ਼ਹੀਦ ਹੋਏ ?**

ਉੱਤਰ 66 ਸਿੰਘ ਸ਼ਹੀਦ ਕੀਤੇ ਗਏ।

**ਪ੍ਰਸ਼ਨ:** 58 **ਅੰਗ੍ਰੇਜ ਹਕੂਮਤ ਵਿਰੁੱਧ ਨਾ- ਮਿਲਵਰਤਨ ਲਹਿਰ ਸਭ ਤੋਂ ਪਹਿਲਾਂ ਕਿਸ ਨੇ ਚਲਾਈ ?**

**ਉੱਤਰ** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਚਲਾਈ

**ਪ੍ਰਸ਼ਨ:** 59 **ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਚਾਰ ਹਿਤ ਕਿੰਨੇ ਸੂਬਾ ਸਾਹਿਬਾਨ ਥਾਪੇ ?**

**ਉੱਤਰ** 22 ਸੂਬੇ ਥਾਪੇ

**ਪ੍ਰਸ਼ਨ:** 60 **ਕੂਕਾ ਪੋਸਟਲ ਸਰਵਿਸ ਦੇ ਇੰਚਾਰਜ ਦਾ ਨਾਮ ਦੱਸੋ ?**

**ਉੱਤਰ** ਸੂਬਾ ਸਾਹਿਬ ਸਿੰਘ

**ਪ੍ਰਸ਼ਨ:** 61 **ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੰਚਾਇਤੀ ਸੂਬੇ ਦਾ ਨਾਮ ਦੱਸੋ ।**

**ਉੱਤਰ** ਸੂਬਾ ਗਿਆਨੀ ਰਤਨ ਸਿੰਘ

**ਪ੍ਰਸ਼ਨ:** 62 **ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਿਸ ਕਿਸ ਖਾਸ ਪੱਖ ਤੋਂ ਅੰਗ੍ਰੇਜ਼ ਹਕੂਮਤ ਦੇ ਬਾਈਕਾਟ ਦਾ ਐਲਾਨ ਕੀਤਾ?**

ਉੱਤਰ

1. ਅੰਗ੍ਰੇਜ਼ੀ ਸਕੂਲਾਂ ਦਾ ਬਾਈਕਾਟ
2. ਅੰਗ੍ਰੇਜ਼ੀ ਡਾਕ ਪ੍ਰਬੰਧ ਦਾ ਬਾਈਕਾਟ
3. ਅੰਗ੍ਰੇਜ਼ੀ ਅਦਾਲਤਾਂ ਦਾ ਬਾਈਕਾਟ
4. ਵਿਦੇਸ਼ੀ ਬਣਿਆ ਕੱਪੜਾ ਅਤੇ ਹੋਰ ਚੀਜ਼ਾਂ ਦਾ ਬਾਈਕਾਟ
5. ਹਰ ਅੰਗ੍ਰੇਜ਼ੀ ਕਾਨੂੰਨ ਦਾ ਬਾਈਕਾਟ

**ਪ੍ਰਸ਼ਨ: 63 ਸਤਿਗੁਰੂ ਰਾਮ ਸਿੰਘ ਜੀ ਦੁਆਰਾਂ ਇਸਤਰੀ ਜਾਤੀ ਉਤੇ ਕੀਤੇ ਪਰਉਪਕਾਰਾਂ ਦਾ ਵਰਨਣ ਕਰੋ।**

ਉੱਤਰ

1. ਜੰਮਦੀਆਂ ਧੀਆਂ ਨੂੰ ਮਾਰਨ ਤੋਂ ਰੋਕਿਆ।
2. ਬਾਲ ਵਿਆਹ,ਵੱਟੇ ਦਾ ਸਾਕ,ਅਜੋੜ ਵਿਆਹ ਤੋਂ ਰੋਕਿਆ
3. ਵਿਧਵਾ ਵਿਆਹ ਸ਼ੁਰੂ ਕੀਤੇ
4. ਮਾਈਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਭਾਈਆਂ ਬਰਾਬਰ ਕੀਤਾ
5. ਦਾਜ-ਦਹੇਜ ਦੀ ਪ੍ਰਥਾ ਨੂੰ ਖਤਮ ਕਰ ਗੁਰਮਤਿ ਅਨੰਦ ਮਰਿਆਦਾ ਆਰੰਭ ਕੀਤੀ।

**ਪ੍ਰਸ਼ਨ: 64 ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਕਿੰਨੇ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਹੋਈ ?**

ਉੱਤਰ 5 ਸਿੰਘਾਂ ਨੂੰ ਫਾਂਸੀ ਦਿੱਤੀ ਗਈ।

**ਪ੍ਰਸ਼ਨ: 65 ਸਤਿਗੁਰੂ ਰਾਮ ਸਿੰਘ ਜੀ ਨੇ ਸਦਾ ਵਰਤ ਲੋਹ ਲੰਗਰ ਦੀ ਸ਼ੁਰੂਆਤ ਕਦੋਂ ਅਤੇ ਕਿੱਥੇ ਕੀਤੀ ?**

**ਉੱਤਰ** 1862 ਈਸਵੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਕੀਤੀ

**ਪ੍ਰਸ਼ਨ: 66 ਸਤਿਗੁਰੂ ਹਰੀ ਸਿੰਘ ਜੀ ਦਾ ਪਹਿਲਾ ਨਾਮ ਦੱਸੋ ?**

**ਉੱਤਰ** ਬਾਬਾ ਬੁੱਧ ਸਿੰਘ ਜੀ

**ਪ੍ਰਸ਼ਨ: 67 "ਇਹ ਸਿੱਖੀ ਨੂੰ ਹਰੀ ਰੱਖੇਗਾ, ਇਸ ਨੂੰ ਸਿਰ ਕਰਤਾ ਜਾਨਣਾ" ਇਹ ਬਚਨ ਕਿਸਨੇ ਕਿਸ ਬਾਬਤ ਆਖੇ?**

ਉੱਤਰ ਇਹ ਬਚਨ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਬਾਬਤ ਆਖੇ

**ਪ੍ਰਸ਼ਨ: 68 ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?**

ਉੱਤਰ ਪਿਤਾ- ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਮਾਤਾ- ਜੀਵਨ ਕੌਰ ਜੀ

**ਪ੍ਰਸ਼ਨ:** 69 **ਇਕ ਘੰਟਾ ਨਾਮ-ਸਿਮਰਨ ਕਰਨ ਦਾ ਹੁਕਮ ਪਹਿਲੀ ਵਾਰ ਕਿਹੜੇ ਸਤਿਗੁਰੂ ਜੀ ਨੇ ਕੀਤਾ ?**

ਉੱਤਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ।

**ਪ੍ਰਸ਼ਨ:** 70 **ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਵਸਾਈ ਗਈ ਨਾਮਧਾਰੀ ਰਿਆਸਤ ਦਾ ਨਾਮ ਦਸੋ ?**

ਉੱਤਰ ਰਿਆਸਤ ਸ੍ਰੀ ਜੀਵਨ ਨਗਰ (ਸਿਰਸਾ)

**ਪ੍ਰਸ਼ਨ:** 71 **ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਇ ਕਾਨਫਰੰਸ ਕਿਹੜੇ ਸਤਿਗੁਰੂ ਜੀ ਨੇ ਕਦੋਂ ਤੇ ਕਿੱਥੇ ਕਰਵਾਈ ?**

ਉੱਤਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1934 ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਕਰਵਾਈ।

**ਪ੍ਰਸ਼ਨ:** 72 **ਨਾਮਧਾਰੀ ਵਿਦਿਅਕ ਜਥੇ ਦੇ ਪਹਿਲੇ ਪ੍ਰਧਾਨ ਦਾ ਨਾਮ ਦੱਸੋ ?**

ਉੱਤਰ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ

**ਪ੍ਰਸ਼ਨ:** 73 **ਨਿਤਨੇਮ ਦੀਆਂ ਬਾਣੀਆਂ ਦੇ ਨਾਮ ਦੱਸੋ ?**

ਉੱਤਰ ਜਪੁਜੀ ਸਾਹਿਬ, ਜਾਪੁ ਸਾਹਿਬ, ਦੋਹਾਂ ਦੇ ਹਜ਼ਾਰੇ, ਰਹਿਰਾਸ, ਕੀਰਤਨ ਸੋਹਿਲਾ ਤੇ ਚੰਡੀ ਦੀ ਵਾਰ।

**ਪ੍ਰਸ਼ਨ:** 74 **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦਾ ਨਾਮ ?**

ਉੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ 'ਬੇਅੰਤ ਜੀ' ਸੀ।

**ਪ੍ਰਸ਼ਨ:** 75 **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?**

ਉੱਤਰ ਪਿਤਾ - ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਮਾਤਾ - ਭੁਪਿੰਦਰ ਕੌਰ ਜੀ

**ਪ੍ਰਸ਼ਨ:** 76 **'ਗੋਪਾਲ ਰਤਨ' ਦੀ ਉਪਾਧੀ ਕਿਸ ਨੂੰ ਮਿਲੀ ?**

**ਉੱਤਰ** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਿਲੀ।

**ਪ੍ਰਸ਼ਨ:** 77 **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਹ ਦਾ ਉਹਲਾ ਕਦੋਂ ਕੀਤਾ?**

ਉੱਤਰ 13 ਦਿਸੰਬਰ 2012 ਈਸਵੀ।

**ਪ੍ਰਸ਼ਨ:** 78 **ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਯਾਦ 'ਚ ਬਣੇ ਮੰਦਰ ਦਾ ਨਾਮ ਦੱਸੋ ?**

ਉੱਤਰ ਜਗਜੀਤ ਮੰਦਰ।

**ਪ੍ਰਸ਼ਨ:** 79 **ਸ੍ਰੀ ਭੈਣੀ ਸਾਹਿਬ ਦੇ ਪੰਜ ਇਤਿਹਾਸਿਕ ਸਥਾਨਾਂ ਦੇ ਨਾਮ ਦੱਸੋ ?**

ਉੱਤਰ
1. ਰਾਮ ਮੰਦਰ
2. ਹਰੀ ਮੰਦਰ
3. ਜਗਜੀਤ ਮੰਦਰ
4. ਪ੍ਰਤਾਪ ਮੰਦਰ
5. ਅਕਾਲ ਬੂੰਗਾ

**ਪ੍ਰਸ਼ਨ:** 80 **ਸਤਿਗੁਰੂ ਉਦੇ ਸਿੰਘ ਜੀ ਗੁਰਗੱਦੀ ਦੇ ਵਾਰਿਸ ਕਦੋਂ ਬਣੇ ?**

ਉੱਤਰ 13 ਦਿਸੰਬਰ 2012 ਨੂੰ

**ਪ੍ਰਸ਼ਨ:** 81 **ਸਤਿਗੁਰੂ ਉਦੇ ਸਿੰਘ ਜੀ ਦੀ ਪੰਥਕ ਦਸਤਾਰਬੰਦੀ ਕਦੋਂ ਅਤੇ ਕਿੱਥੇ ਹੋਈ ?**

ਉੱਤਰ 23 ਦਿਸੰਬਰ 2012 ਨੂੰ ਸ੍ਰੀ ਭੈਣੀ ਸਾਹਿਬ ਵਿਖੇ

**ਪ੍ਰਸ਼ਨ:** 82 **ਸਤਿਗੁਰੂ ਉਦੇ ਸਿੰਘ ਜੀ ਦੀ ਪਰਿਵਾਰਕ ਜਾਣਕਾਰੀ ਦੱਸੋ ?**

ਉੱਤਰ ਪਿਤਾ ਮਹਾਰਾਜ ਬੀਰ ਸਿੰਘ ਜੀ
ਮਾਤਾ ਬੇਬੇ ਦਲੀਪ ਕੌਰ ਜੀ
ਸੁਪਤਨੀ- ਮਾਤਾ ਗੁਰਸ਼ਰਨ ਕੌਰ ਜੀ
ਸਪੁੱਤਰੀ- ਬੀਬੀ ਉੱਜਲ ਕੌਰ ਜੀ
ਸਪੁੱਤਰ- ਸ੍ਰੀ ਉੱਤਮ ਸਿੰਘ ਜੀ

**ਪ੍ਰਸ਼ਨ:** 83 **ਅਖੰਡ ਪਾਠ ਕਿੰਨੇ ਸਮੇਂ ਵਿੱਚ ਕੀਤਾ ਜਾਂਦਾ ਹੈ?**
ਉੱਤਰ 48 ਘੰਟਿਆਂ ਵਿੱਚ

**ਪ੍ਰਸ਼ਨ:** 84 **ਇਸਾਈ ਧਰਮ ਦਾ ਮੁੱਖ ਗ੍ਰੰਥ ਕਿਹੜਾ ਹੈ ?**
ਉੱਤਰ ਬਾਈਬਲ

**ਪ੍ਰਸ਼ਨ:** 85 **ਹਿੰਦੂ ਧਰਮ ਦੇ ਕਿੰਨੇ ਵੇਦ ਹਨ?**
ਉੱਤਰ 4 ਮੁੱਖ ਵੇਦ ਹਨ

**ਪ੍ਰਸ਼ਨ:** 85 **ਸਿੱਖ ਧਰਮ ਦੇ ਮੁੱਖ ਪੁਰਾਤਨ ਇਤਿਹਾਸਕ ਗ੍ਰੰਥ ਕਿਹੜੇ ਹਨ?**
ਉੱਤਰ ਜਨਮ ਸਾਖੀਆਂ, ਸੂਰਜ ਪ੍ਰਕਾਸ਼ ਅਤੇ ਪੰਥ ਪ੍ਰਕਾਸ਼

**ਪ੍ਰਸ਼ਨ:** 86 **ਇਸਲਾਮ ਦੇ ਧਾਰਮਿਕ ਗ੍ਰੰਥ ਦਾ ਨਾਮ ਦੱਸੋ ?**
ਉੱਤਰ ਕੁਰਾਨ ਸ਼ਰੀਫ਼

# 35 ਅੱਖਰੀ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ |
| ਲ਼ | | | | |

# ਭਾਗ – 3

# ਪ੍ਰਸ਼ਨ: ਉੱਤਰ

**ਪ੍ਰਸ਼ਨ:1** **ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?**

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼, ਸੰਨ 1469 ਈਸਵੀ ਨੂੰ 'ਰਾਇ ਭੋਇ' ਦੀ ਤਲਵੰਡੀ ਵਿਖੇ ਹੋਇਆ । ਇਸ ਜਗ੍ਹਾ ਨੂੰ ਅੱਜਕੱਲ੍ਹ "ਸ੍ਰੀ ਨਨਕਾਣਾ ਸਾਹਿਬ" ਆਖਿਆ ਜਾਂਦਾ ਹੈ।

**ਪ੍ਰਸ਼ਨ:2** **ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?**

ਉੱਤਰ ਪਿਤਾ: ਸ੍ਰੀ ਮਹਿਤਾ ਕਾਲੂ ਜੀ ।
ਮਾਤਾ: ਮਾਤਾ ਤ੍ਰਿਪਤਾ ਜੀ ।

**ਪ੍ਰਸ਼ਨ:3** **ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਮ ਕੀ ਸੀ ?**

ਉੱਤਰ ਬੇਬੇ ਨਾਨਕੀ ਜੀ।

**ਪ੍ਰਸ਼ਨ:4** **ਜਪੁਜੀ ਸਾਹਿਬ ਕਿਸ ਗੁਰੂ ਸਾਹਿਬ ਦੀ ਰਚਨਾ ਹੈ?**

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ

**ਪ੍ਰਸ਼ਨ:5** **ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਕਿੰਨੀਆਂ ਉਦਾਸੀਆਂ ਅਤੇ ਕਿਥੇ-ਕਿਥੇ ਕੀਤੀਆਂ ?**

ਉੱਤਰ
1. ਉੱਤਰ ਵਿੱਚ ਸੁਮੇਰ ਪਰਬਤ ਤੋਂ ਉੱਪਰ ਤੱਕ ।
2. ਪੂਰਬ ਵਿੱਚ ਢਾਕੇ ਬੰਗਾਲ ਤੱਕ ।
3. ਦੱਖਣ ਵਿੱਚ ਸ੍ਰੀ ਲੰਕਾ ਤੱਕ
4. ਪੱਛਮ ਵਿੱਚ ਮੱਕੇ ਮਦੀਨੇ ਤੱਕ ।

**ਪ੍ਰਸ਼ਨ:6** **ਉਦਾਸੀ ਪੰਥ ਕਿਸ ਨੇ ਚਲਾਇਆ ?**

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਪੰਥ ਚਲਾਇਆ।

**ਪ੍ਰਸ਼ਨ:7 ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਦ੍ਰਿੜ੍ਹਤਾ ਲਈ ਇਕ ਨਵੀਂ ਪ੍ਰਥਾ ਤੋਰੀ, ਉਹ ਕਿਹੜੀ ਪ੍ਰਥਾ ਸੀ ?**

ਉੱਤਰ ਉਹਨਾਂ ਨੇ ਆਪਣੀ ਗੱਦੀ ਤੇ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਦੇਹਧਾਰੀ ਗੁਰੂ ਦੀ ਪ੍ਰਥਾ ਤੋਰੀ ।

**ਪ੍ਰਸ਼ਨ:8 ਬਾਲਾ ਤੇ ਮਰਦਾਨਾ ਕਿਹੜੇ ਸਤਿਗੁਰੂ ਜੀ ਦੇ ਸੇਵਕ ਸਨ ?**

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ।

**ਪ੍ਰਸ਼ਨ:9 ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਕੀ ਸੀ ?**

ਉੱਤਰ ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਦੂਸਰੇ ਗੁਰੂ ਸਨ। ਆਪ ਜੀ ਦਾ ਪਹਿਲਾ ਨਾਮ 'ਭਾਈ ਲਹਿਣਾ' ਜੀ ਸੀ।

**ਪ੍ਰਸ਼ਨ:10 ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੇ ਸੇਵਕ ਬਣਨ ਤੋਂ ਪਹਿਲਾਂ ਕਿਸ ਦੀ ਪੂਜਾ ਕਰਦੇ ਸਨ ?**

ਉੱਤਰ ਸ੍ਰੀ ਗੁਰੂ ਅੰਗਦ ਦੇਵ ਜੀ ਕਈ ਸਾਲ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਰਹੇ ਪਰ ਗਿਆਨ ਦੀ ਪ੍ਰਾਪਤੀ ਨਾ ਹੋਈ । ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਮਨ ਸ਼ਾਤ ਹੋਇਆ ਅਤੇ ਸੇਵਾ ਸਿਮਰਨ ਕਰਕੇ ਸਤਿਗੁਰੂ ਰੂਪ ਵਿੱਚ ਦੁਨੀਆਂ ਵਿੱਚ ਵਿਖਿਆਤ ਹੋਏ।

**ਪ੍ਰਸ਼ਨ:11 ਗੁਰੂ ਅੰਗਦ ਦੇਵ ਜੀ ਦੀ ਸਿੱਖ ਇਤਿਹਾਸ ਨੂੰ ਕੀ ਮਹਾਨ ਦੇਣ ਹੈ ?**

ਉੱਤਰ ਭਾਈ ਬਾਲੇ ਵਾਲੀ "ਜਨਮ ਸਾਖੀ"

**ਪ੍ਰਸ਼ਨ:12 ਗੁਰਮੁਖੀ ਵਿੱਦਿਆ ਦਾ ਪ੍ਰਚਾਰ ਕਿਸ ਨੇ ਸ਼ੁਰੂ ਕੀਤਾ ?**

ਉੱਤਰ ਸ੍ਰੀ ਗੁਰੂ ਅੰਗਦ ਦੇਵ ਜੀ

**ਪ੍ਰਸ਼ਨ:13 ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰਚਾਰ ਦਾ ਮੁੱਖ ਕੇਂਦਰ ਕਿੱਥੇ ਰੱਖਿਆ ਸੀ ?**

ਉੱਤਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਸਮੇਂ ਵਿਚ ਪ੍ਰਚਾਰ ਦਾ ਮੁੱਖ ਕੇਂਦਰ ਕਰਤਾਰਪੁਰ ਤੋਂ ਬਦਲਕੇ ਖਡੂਰ ਸਾਹਿਬ ਲੈ ਆਉਂਦਾ ਸੀ

ਅਤੇ ਉੱਥੇ ਹੀ 13 ਸਾਲ ਤੱਕ ਪ੍ਰਚਾਰ ਕਰਦੇ ਰਹੇ।

**ਪ੍ਰਸ਼ਨ:14 ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਲਈ ਕੀ ਕੀ ਪ੍ਰਬੰਧ ਕੀਤੇ ?**

ਉੱਤਰ 1) 22 ਮੰਜੀਆਂ ਭਾਵ ਪ੍ਰਚਾਰਕਾਂ ਦੀ ਨਿਯੁਕਤੀ ਕੀਤੀ।
2) ਹਰ ਸਾਲ ਗੋਇੰਦਵਾਲ ਵਿਖੇ ਵਿਸਾਖੀ ਦਾ ਮੇਲਾ ਕਰਨ ਦਾ ਹੁਕਮ ਕੀਤਾ।

**ਪ੍ਰਸ਼ਨ:15 ਗੋਇੰਦਵਾਲ ਨਗਰ ਕਿਹੜੇ ਸਤਿਗੁਰੂ ਜੀ ਨੇ ਵਸਾਇਆ ?**

ਉੱਤਰ ਗੁਰੂ ਅਮਰਦਾਸ ਜੀ ਨੇ।

**ਪ੍ਰਸ਼ਨ:16 ਸ੍ਰੀ ਗੁਰੂ ਅਮਰਦਾਸ ਜੀ ਨੇ ਕਿਸ ਮੇਲੇ ਦੀ ਸ਼ੁਰੂਆਤ ਕੀਤੀ ?**

ਉੱਤਰ ਵਿਸਾਖੀ ਦਾ ਮੇਲਾ

**ਪ੍ਰਸ਼ਨ:17 ਆਨੰਦ ਸਾਹਿਬ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?**

ਉੱਤਰ ਸ੍ਰੀ ਗੁਰੂ ਅਮਰਦਾਸ ਜੀ

**ਪ੍ਰਸ਼ਨ:18 ਸ੍ਰੀ ਗੁਰੂ ਅਮਰਦਾਸ ਜੀ ਕਿੰਨੀ ਦੇਰ ਗੁਰਗੱਦੀ ਨਸ਼ੀਨ ਰਹੇ ?**

ਉੱਤਰ ਸ੍ਰੀ ਗੁਰੂ ਅਮਰਦਾਸ ਜੀ ਬਾਈ (22) ਸਾਲ (1552 ਤੋਂ 1574 ਈ: ਤੱਕ) ਗੱਦੀ ਤੇ ਬਿਰਾਜਮਾਨ ਰਹੇ।

**ਪ੍ਰਸ਼ਨ:19 ਸ੍ਰੀ ਗੁਰੂ ਅਮਰਦਾਸ ਜੀ ਨੇ ਕੁੱਲ ਕਿੰਨੀ ਦੁਨਿਆਵੀ ਉਮਰ ਭੋਗੀ ?**

ਉੱਤਰ ਸ੍ਰੀ ਗੁਰੂ ਅਮਰਦਾਸ ਜੀ ਨੇ ਕੁੱਲ ਦੁਨਿਆਵੀ ਉਮਰ 95 ਸਾਲ 3 ਮਹੀਨੇ 27 ਦਿਨ ਭੋਗੀ।

**ਪ੍ਰਸ਼ਨ:20 ਸ੍ਰੀ ਗੁਰੂ ਰਾਮ ਦਾਸ ਜੀ ਦਾ ਵਿਆਹ ਕਿਸਦੇ ਨਾਲ ਹੋਇਆ ?**

ਉੱਤਰ ਸ੍ਰੀ ਗੁਰੂ ਰਾਮ ਦਾਸ ਜੀ ਦਾ ਵਿਆਹ ਮਾਤਾ ਭਾਨੀ ਜੀ ਸਪੁੱਤਰੀ ਸ੍ਰੀ ਗੁਰੂ ਅਮਰਦਾਸ ਜੀ ਨਾਲ ਹੋਇਆ।

**ਪ੍ਰਸ਼ਨ:21 ਗੁਰੂ ਰਾਮ ਦਾਸ ਜੀ ਦਾ ਪਹਿਲਾ ਨਾਮ ਕੀ ਸੀ ?**
ਉੱਤਰ ਭਾਈ ਜੇਠਾ ਜੀ।

**ਪ੍ਰਸ਼ਨ:22 ਗੁਰੂ ਰਾਮ ਦਾਸ ਜੀ ਦੇ ਸਪੁੱਤਰਾਂ ਦੇ ਨਾਮ ਦੱਸੋ ?**
ਉੱਤਰ
1. ਸ੍ਰੀ ਪ੍ਰਿਥੀ ਚੰਦ ਜੀ
2. ਸ੍ਰੀ ਮਹਾਂਦੇਵ ਜੀ
3. ਸ੍ਰੀ ਗੁਰੂ ਅਰਜਨ ਦੇਵ ਜੀ

**ਪ੍ਰਸ਼ਨ:23 ਅੰਮ੍ਰਿਤਸਰ ਵਿਖੇ ਰਾਮ ਸਰੋਵਰ ਦੀ ਖੁਦਾਈ ਕਿਸ ਨੇ ਕਰਵਾਈ ?**
ਉੱਤਰ ਰਾਮ ਸਰੋਵਰ ਦੀ ਖੁਦਾਈ ਸ੍ਰੀ ਗੁਰੂ ਰਾਮ ਦਾਸ ਜੀ ਨੇ ਕਰਵਾਈ।

**ਪ੍ਰਸ਼ਨ:24 ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?**
ਉੱਤਰ ਸੰਨ 1563 ਈਸਵੀ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ ।

**ਪ੍ਰਸ਼ਨ:25 ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਪਰਿਵਾਰ ਸਬੰਧੀ ਜਾਣਕਾਰੀ ਦਿਓ ?**
ਉੱਤਰ ਪਿਤਾ: ਗੁਰੂ ਰਾਮ ਦਾਸ ਜੀ
ਮਾਤਾ ਭਾਨੀ ਜੀ।
ਸੁਪਤਨੀ: ਮਾਤਾ ਗੰਗਾ ਜੀ।
ਸਪੁੱਤਰ: ਗੁਰੂ ਹਰਿਗੋਬਿੰਦ ਸਾਹਿਬ ਜੀ।

**ਪ੍ਰਸ਼ਨ:26 ਗੁਰੂ ਅਰਜੁਨ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ?**
ਉੱਤਰ ਪੰਜਵੇਂ।

**ਪ੍ਰਸ਼ਨ:27 ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹੜੇ-ਕਿਹੜੇ ਨਗਰਾਂ ਦਾ ਨਿਰਮਾਣ ਕੀਤਾ ?**
ਉੱਤਰ ਅੰਮ੍ਰਿਤਸਰ, ਤਰਨਤਾਰਨ, ਕਰਤਾਰਪੁਰ ਅਤੇ ਛੇਹਰਟਾ।

**ਪ੍ਰਸ਼ਨ:28 ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਗੁਰਗੱਦੀ ਦਾ ਤਿਲਕ ਕਿਸ ਨੇ ਲਗਾਇਆ ?**

ਉੱਤਰ ਬਾਬਾ ਬੁੱਢਾ ਜੀ ਨੇ ਲਗਾਇਆ।

**ਪ੍ਰਸ਼ਨ:29 ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਿਸ ਨੇ ਕਰਵਾਈ ?**

ਉੱਤਰ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਕਰਵਾਈ।

**ਪ੍ਰਸ਼ਨ:30 ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ?**

ਉੱਤਰ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਨੇ।

**ਪ੍ਰਸ਼ਨ:31 ਹਰਿ ਮੰਦਰ ਸਾਹਿਬ ਦੇ ਪਹਿਲੇ ਹੈਡ ਗ੍ਰੰਥੀ ਦਾ ਨਾਮ ਦੱਸੋ ?**

ਉੱਤਰ ਬਾਬਾ ਬੁੱਢਾ ਸਾਹਿਬ ਜੀ

**ਪ੍ਰਸ਼ਨ:32 ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਿਹੜੇ ਸਤਿਗੁਰੂ ਜੀ ਨੇ ਅਤੇ ਕਦੋਂ ਕੀਤੀ ?**

ਉੱਤਰ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਸੰਨ 1604 ਈਸਵੀ ਵਿੱਚ।

**ਪ੍ਰਸ਼ਨ:33 ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਕਿਸ-ਕਿਸ ਦੀ ਬਾਣੀ ਦਰਜ਼ ਹੈ ?**

ਉੱਤਰ 6 ਗੁਰੂ ਸਾਹਿਬਾਨਾਂ, 15 ਸੰਤਾਂ-ਭਗਤਾਂ, 11 ਭੱਟ ਕਵੀਆਂ ਅਤੇ ਚਾਰ ਗੁਰੂ ਘਰ ਦੇ ਨਿਕਟਵਰਤੀ ਰਬਾਬੀਆਂ ਦੀ ਬਾਣੀ, ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ।

**ਪ੍ਰਸ਼ਨ:34 ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਸ਼ਹੀਦ ਕਰਨ ਲਈ ਕੀ-ਕੀ ਤਸੀਹੇ ਦਿੱਤੇ ਗਏ ?**

ਉੱਤਰ
- ਉਬਲਦੀ ਦੇਗ ਵਿਚ ਬਿਠਾਇਆ ਗਿਆ।
- ਤੱਤੀ ਤਵੀ ਤੇ ਬਿਠਾਕੇ ਸੀਸ ਉੱਪਰ ਗਰਮ ਰੇਤ ਪਾਈ ਗਈ।

**ਪ੍ਰਸ਼ਨ:35 ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਕਿੱਥੇ ਸ਼ਹੀਦ ਕੀਤਾ ਗਿਆ ?**

ਉੱਤਰ ਲਾਹੌਰ (ਪਾਕਿਸਤਾਨ) ਵਿੱਚ।

**ਪ੍ਰਸ਼ਨ:36 ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ-ਪਿਤਾ ਦਾ ਨਾਮ ਦੱਸੋ ?**

ਉੱਤਰ ਪਿਤਾ: ਸ੍ਰੀ ਗੁਰੂ ਅਰਜੁਨ ਦੇਵ ਜੀ
ਮਾਤਾ: ਮਾਤਾ ਗੰਗਾ ਜੀ

**ਪ੍ਰਸ਼ਨ:37 ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਵਿੱਚ ਕੀ ਪਰਿਵਰਤਨ ਕੀਤਾ ?**

ਉੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਹੱਥ ਵਿਚ ਤਲਵਾਰ ਫੜਾ ਕੇ ਭਗਤੀ ਦੇ ਨਾਲ-ਨਾਲ ਜੋਧੇ ਤੇ ਸੂਰਮੇ ਬਣਨ ਦਾ ਹੁਕਮ ਦਿੱਤਾ ।

**ਪ੍ਰਸ਼ਨ:38 ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ "ਬੰਦੀ ਛੋੜ" ਕਿਉਂ ਕਿਹਾ ਜਾਂਦਾ ਹੈ?**

ਉੱਤਰ ਕਿਉਂਕਿ ਉਹਨਾਂ ਨੇ ਗਵਾਲੀਅਰ ਦੇ ਕਿਲੇ ਦੀ ਕੈਦ ਵਿਚੋਂ ਰਿਹਾਅ ਹੋਣ ਸਮੇਂ 52 ਰਾਜਿਆਂ ਨੂੰ ਵੀ ਆਪਣੇ ਨਾਲ ਰਿਹਾਅ ਕਰਵਾਇਆ ਸੀ।

**ਪ੍ਰਸ਼ਨ:39 ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿਹੜੇ ਮੁਗਲ ਬਾਦਸ਼ਾਹ ਨੇ ਕਿੱਥੇ ਕੈਦ ਕੀਤਾ ?**

ਉੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਸੀ।

**ਪ੍ਰਸ਼ਨ:40 ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲ ਹਕੂਮਤ ਵਿਰੁਧ ਕਿੰਨੀਆਂ ਅਤੇ ਕਿੱਥੇ ਕਿੱਥੇ ਲੜਾਈਆਂ ਲੜੀਆਂ ?**

ਉੱਤਰ
1. ਅੰਮ੍ਰਿਤਸਰ ਵਿਖੇ।
2. ਹਰਿਗੋਬਿੰਦ ਪੁਰ ਵਿਖੇ
3. ਨਥਾਣਾ (ਮਾਲਵਾ) ਵਿਖੇ
4. ਕਰਤਾਰਪੁਰ ਵਿਖੇ

**ਪ੍ਰਸ਼ਨ:41 ਸ੍ਰੀ ਰਾਮ ਰਾਇ ਜੀ ਕੌਣ ਸਨ ?**

ਉੱਤਰ ਸ੍ਰੀ ਰਾਮ ਰਾਇ ਜੀ, ਸ੍ਰੀ ਗੁਰੂ ਹਰਿ ਰਾਇ ਜੀ ਦੇ ਸਪੁੱਤਰ ਸਨ ।

**ਪ੍ਰਸ਼ਨ:42 ਬਾਦਸ਼ਾਹ ਔਰੰਗਜ਼ੇਬ ਨੂੰ 72 ਕਰਾਮਾਤਾਂ ਕਿਸਨੇ ਦਿਖਾਈਆਂ ?**

ਉੱਤਰ ਸ੍ਰੀ ਰਾਮ ਰਾਇ ਜੀ ਨੇ।

**ਪ੍ਰਸ਼ਨ:43 ਸ੍ਰੀ ਰਾਮ ਰਾਇ ਜੀ ਨੇ ਗੁਰਬਾਣੀ ਦੀ ਕਿਹੜੀ ਤੁਕ ਉਲਟਾਈ ਸੀ ?**

ਉੱਤਰ ਸ੍ਰੀ ਰਾਮ ਰਾਇ ਜੀ ਨੇ ਔਰੰਗਜ਼ੇਬ ਦੇ ਡਰ ਤੋਂ ਗੁਰਬਾਣੀ ਦੀ ਤੁਕ, "ਮਿੱਟੀ ਮੁਸਲਮਾਨ ਕੀ" ਦੀ ਥਾਂ "ਮਿੱਟੀ ਬੇਈਮਾਨ ਕੀ" ਬੋਲ ਦਿੱਤੀ ਸੀ।

**ਪ੍ਰਸ਼ਨ:44 ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕਿੰਨੇ ਸਾਲ ਦੀ ਉਮਰ ਵਿੱਚ ਗੁਰਗੱਦੀ ਤੇ ਸੁਭਾਇਮਾਨ ਹੋਏ ?**

ਉੱਤਰ ਪੰਜ ਸਾਲ ਦੀ ਉਮਰ ਵਿਚ

**ਪ੍ਰਸ਼ਨ:45 ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਦਿੱਲੀ ਜਾਂਦਿਆਂ ਰਸਤੇ ਵਿਚ ਕੀ-ਕੀ ਚੋਜ ਕੀਤੇ ?**

ਉੱਤਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਹੰਕਾਰੀ ਪੰਡਤਾਂ ਦੇ ਸ਼ੰਕੇ ਦੀ ਨਵਿਰਤੀ ਲਈ ਪੰਜੋਖਰਾ (ਅੰਬਾਲਾ) ਵਿਖੇ ਅਨਪੜ੍ਹ ਛੱਜੂ ਝਿਊਰ ਦੇ ਸਿਰ ਉੱਤੇ ਛੜੀ ਧਰਕੇ ਗੀਤਾ ਦੇ ਅਰਥ ਸੁਣਵਾਏ।

**ਪ੍ਰਸ਼ਨ:46 ਗੁਰੂ ਹਰਿਕ੍ਰਿਸ਼ਨ ਜੀ ਨੇ ਦੇਹ ਦਾ ਓਹਲਾ ਕਰਨ ਸਮੇਂ ਆਪਣੀ ਗੁਰਗੱਦੀ ਦੇ ਨੌਵੇਂ ਵਾਰਿਸ ਦੇ ਸਬੰਧ ਵਿਚ ਕੀ ਹੁਕਮ ਕੀਤਾ ਸੀ ?**

ਉੱਤਰ "ਬਾਬਾ ਵਸੇ ਗ੍ਰਾਮ ਬਕਾਲੇ" ਭਾਵ ਕਿ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਬਕਾਲਾ ਨਾਮ ਦੇ ਨਗਰ ਵਿਚ ਪ੍ਰਗਟ ਹੋਏ ਹਨ।

**ਪ੍ਰਸ਼ਨ:47 ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਕਿੱਥੇ ਹੋਇਆ ? ਉਹਨਾਂ ਦੇ ਪਰਿਵਾਰ ਸਬੰਧੀ ਜਾਣਕਾਰੀ ਦਿਓ ?**

ਉੱਤਰ ਪ੍ਰਕਾਸ਼ ਸਥਾਨ: ਅੰਮ੍ਰਿਤਸਰ।
ਪਿਤਾ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।
ਮਾਤਾ: ਨਾਨਕੀ ਜੀ।
ਸੁਪਤਨੀ: ਮਾਤਾ ਗੁਜਰੀ ਜੀ।
ਸਪੁੱਤਰ: ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

**ਪ੍ਰਸ਼ਨ:48 ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ ਕੀ ਸੀ ?**

ਉੱਤਰ ਸ੍ਰੀ ਤਿਆਗ ਮੱਲ ਜੀ।

**ਪ੍ਰਸ਼ਨ:49 ਆਨੰਦਪੁਰ ਸਾਹਿਬ ਕਿਸ ਨੇ ਵਸਾਇਆ ਅਤੇ ਇਸਦਾ ਪਹਿਲਾ ਨਾਮ ਕੀ ਰੱਖਿਆ ਗਿਆ ।**

ਉੱਤਰ ਆਨੰਦਪੁਰ ਸਾਹਿਬ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਸਾਇਆ ਇਸਦਾ ਪਹਿਲਾ ਨਾਮ 'ਚੱਕ ਨਾਨਕੀ' ਰੱਖਿਆ।

**ਪ੍ਰਸ਼ਨ:50 ਸ੍ਰੀ ਗੁਰੂ ਤੇਗ ਬਹਾਦਰ ਜੀ ਬਕਾਲੇ ਵਿਖੇ ਕਿੰਨਾ ਚਿਰ ਰਹੇ ?**

ਉੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਅਨੁਸਾਰ ਮਾਤਾ ਨਾਨਕੀ ਜੀ ਨਾਲ ਲਗਭਗ 20 ਸਾਲ ਰਹੇ।

**ਪ੍ਰਸ਼ਨ:51 ਸ੍ਰੀ ਤਿਆਗ ਮੱਲ ਤੋਂ ਆਪ ਜੀ ਦਾ ਨਾਮ ਤੇਗ ਬਹਾਦਰ ਕਿਵੇਂ ਪਿਆ ?**

ਉੱਤਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕਰਤਾਰਪੁਰ ਵਿਖੇ ਪੈਂਦੇ ਖਾਂ ਨਾਲ ਹੋਏ ਯੁੱਧ ਸਮੇਂ ਤਿਆਗ ਮੱਲ ਜੀ ਨੇ ਤਲਵਾਰ ਦੇ ਬਹੁਤ ਜੌਹਰ ਦਿਖਾਏ, ਜਿਸਤੋਂ ਖੁਸ਼ ਹੋ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ।

**ਪ੍ਰਸ਼ਨ:52 ਬਾਬਾ ਬਕਾਲਾ ਵਿਖੇ ਘੋਰ ਤਪੱਸਿਆ ਕਰ ਰਹੇ ਗੁਰੂ ਤੇਗ ਬਹਾਦਰ ਜੀ ਨੂੰ ਕਿਸ ਨੇ ਲੱਭਿਆ ?**

ਉੱਤਰ ਮੱਖਣ ਸ਼ਾਹ ਲੁਬਾਣੇ ਨੇ "ਗੁਰੂ ਲਾਧੋ ਰੇ" ਦਾ ਹੋਕਾ ਦੇ ਕੇ ।

**ਪ੍ਰਸ਼ਨ:53 ਸ੍ਰੀ ਮੱਖਣ ਸ਼ਾਹ ਲੁਬਾਣਾ ਕੌਣ ਸੀ ?**

ਉੱਤਰ ਇਕ ਵਪਾਰੀ ਸੀ ਜਿਸਦਾ ਡੁੱਬਦਾ ਜਹਾਜ ਅਰਦਾਸ ਕਰਨ ਤੇ ਗੁਰੂ ਤੇਗ ਬਹਾਦਰ ਜੀ ਨੇ ਕਿਨਾਰੇ ਲਗਾਇਆ।

**ਪ੍ਰਸ਼ਨ:54 ਔਰੰਗਜ਼ੇਬ ਵੱਲੋਂ ਪਰਜਾ ਤੇ ਢਾਹੇ ਗਏ ਜੁਲਮਾਂ ਦਾ ਸੰਖੇਪ ਵਿਚ ਵਰਨਣ ਕਰੋ?**

ਉੱਤਰ ਔਰੰਗਜ਼ੇਬ ਆਪਣੇ ਪਿਤਾ ਨੂੰ ਕੈਦ ਕਰਕੇ 'ਤੇ ਭਰਾਵਾਂ ਨੂੰ ਕਤਲ ਕਰਕੇ ਰਾਜਾ ਬਣਿਆ ਸੀ। ਉਸਨੇ ਹਿੰਦੋਸਤਾਨ ਨੂੰ 'ਦਾਰੁਲ ਇਸਲਾਮ' ਬਨਾਉਣ ਦੀ ਠਾਣ ਲਈ। ਉਸਨੇ ਹਿੰਦੂਆਂ ਦੀ ਚੂੰਗੀ ਮੁਸਲਮਾਨਾਂ ਨਾਲੋਂ ਦੁੱਗਣੀ ਕਰ ਦਿੱਤੀ।

ਮਥੁਰਾ, ਬਨਾਰਸ ਤੇ ਗੁਜਰਾਤ ਦੇ ਪ੍ਰਸਿੱਧ ਮੰਦਰ ਤੁੜਵਾ ਦਿੱਤੇ। ਜ਼ਜ਼ੀਆ ਤੇ ਯਾਤਰੂ ਟੈਕਸ ਲਗਾ ਦਿੱਤੀ। ਦਰਿਆਵਾਂ ਦੇ ਕੰਢੇ ਮ੍ਰਿਤਕ ਦਾ ਸੰਸਕਾਰ ਕਰਨ ਦੀ ਮਨਾਹੀ ਹੋ ਗਈ। ਕੋਈ ਵੀ ਹਿੰਦੂ ਪਾਲਕੀ, ਈਰਾਨੀ ਤੇ ਤੁਰਕੀ ਘੋੜੇ ਤੇ ਨਹੀਂ ਬੈਠ ਸਕਦਾ ਸੀ । ਜੇ ਕੋਈ ਹਿੰਦੂ ਮੁਜ਼ਰਮ ਹੈ ਤਾਂ ਮੁਸਲਮਾਨ ਬਣ ਕੇ ਸਜ਼ਾ ਤੋਂ ਬਚ ਸਕਦਾ ਸੀ।

**ਪ੍ਰਸ਼ਨ:55 ਔਰੰਗਜ਼ੇਬ ਹਕੂਮਤ ਨੇ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਸ਼ਹੀਦੀ ਤੋਂ ਪਹਿਲਾਂ ਕਿਹੜੀਆਂ ਤਿੰਨ ਸ਼ਰਤਾਂ ਰੱਖੀਆਂ ?**

ਉੱਤਰ

1. ਕਰਾਮਾਤ ਦਿਖਾਓ, ਨਹੀਂ ਤਾਂ
2. ਇਸਲਾਮ ਕਬੂਲ ਕਰੋ, ਨਹੀਂ ਤਾਂ
3. ਪ੍ਰਾਣ ਦੇਣ ਲਈ ਤਿਆਰ ਹੋ ਜਾਵੋ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਹਿਲੀਆਂ ਦੋਵੇਂ ਸ਼ਰਤਾਂ ਅਸਵੀਕਾਰ ਕਰਕੇ ਤੀਜੀ ਸ਼ਰਤ ਮੰਨਕੇ ਸ਼ਹੀਦੀ ਦਿੱਤੀ।

**ਪ੍ਰਸ਼ਨ:56 ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਹੋਰ ਕਿਹੜੇ-ਕਿਹੜੇ ਸਿੱਖਾਂ ਨੂੰ ਅਤੇ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ ?**

ਉੱਤਰ
1. ਭਾਈ ਮਤੀ ਦਾਸ ਜੀ: ਜਿਉਂਦਿਆਂ ਆਰੇ ਨਾਲ ਚੀਰੇ ਗਏ।
2. ਭਾਈ ਦਿਆਲਾ ਜੀ: ਉਬਲਦੀ ਦੇਗ ਵਿਚ ਉਬਾਲੇ ਗਏ
3. ਭਾਈ ਸਤੀ ਦਾਸ ਜੀ: ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਗਈ।

**ਪ੍ਰਸ਼ਨ:57 ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਕੌਣ ਲੈ ਕੇ ਗਿਆ ਸੀ ?**

ਉੱਤਰ ਭਾਈ ਜੈਤਾ ਜੀ।

**ਪ੍ਰਸ਼ਨ:58 ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਦੋਂ ਅਤੇ ਕਿੱਥੇ ਸ਼ਹੀਦ ਕੀਤਾ ਗਿਆ ?**

ਉੱਤਰ ਸਥਾਨ: ਚਾਂਦਨੀ ਚੌਂਕ, ਦਿੱਲੀ
ਮਿਤੀ: 11 ਨਵੰਬਰ 1675 ਈ. ਨੂੰ।

**ਪ੍ਰਸ਼ਨ:59 ਗੁਰੂ ਤੇਗ ਬਹਾਦਰ ਜੀ ਨੂੰ "ਹਿੰਦ ਦੀ ਚਾਦਰ" ਕਿਉਂ ਕਿਹਾ ਜਾਂਦਾ ਹੈ?**

ਉੱਤਰ ਕਿਉਂਕਿ ਉਹਨਾਂ ਨੇ ਹਿੰਦੂ ਧਰਮ ਅਤੇ ਸਮੁੱਚੇ ਹਿੰਦੋਸਤਾਨ ਦੀ ਆਨ ਸ਼ਾਨ ਬਚਾਉਣ ਖਾਤਿਰ ਸ਼ਹਾਦਤ ਦਿੱਤੀ।

**ਪ੍ਰਸ਼ਨ:60 ਭਾਈ ਤਾਰੂ ਸਿੰਘ ਜੀ ਨੂੰ ਕਿਸਤਰਾਂ ਸ਼ਹੀਦ ਕੀਤਾ ਗਿਆ?**

ਉੱਤਰ ਭਾਈ ਤਾਰੂ ਸਿੰਘ ਜੀ ਦੀ ਖੋਪੜੀ ਉਤਾਰ ਦਿਤੀ ਗਈ ਸੀ।

**ਪ੍ਰਸ਼ਨ:61 ਭਾਈ ਮਨੀ ਸਿੰਘ ਜੀ ਨੂੰ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ?**

ਉੱਤਰ ਸਰੀਰ ਦੇ ਬੰਦ-ਬੰਦ ਕੱਟ ਕੇ।

**ਪ੍ਰਸ਼ਨ:62 ਮਲੇਰਕੋਟਲਾ ਵਿਖੇ ਕਿੰਨੇ ਨਾਮਧਾਰੀ ਸਿੰਘ ਸ਼ਹੀਦ ਹੋਏ ?**

ਉੱਤਰ 66 ਸਿੰਘ

**ਪ੍ਰਸ਼ਨ:63 ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?**

ਉੱਤਰ ਪ੍ਰਕਾਸ਼: ਸੰਨ 1666 ਈ:
ਪ੍ਰਕਾਸ਼ ਸਥਾਨ: ਪਟਨਾ ਸ਼ਹਿਰ (ਬਿਹਾਰ)।

**ਪ੍ਰਸ਼ਨ:64 ਗੁਰੂ ਗੋਬਿੰਦ ਸਿੰਘ ਜੀ ਦੀ ਪਰਿਵਾਰਕ ਜਾਣਕਾਰੀ ਦਿਓ ?**

ਉੱਤਰ ਪਿਤਾ: ਗੁਰੂ ਤੇਗ ਬਹਾਦਰ ਜੀ
ਮਾਤਾ: ਗੁਜਰੀ ਜੀ
ਸੁਪਤਨੀ: ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ।
ਸਪੱਤਰ: ਸਾਹਿਬਜ਼ਾਦਾ ਅਜੀਤ ਸਿੰਘ ਜੀ
ਸਾਹਿਬਜ਼ਾਦਾ ਜੁਝਾਰ ਸਿੰਘ ਜੀ
ਸਾਹਿਬਜ਼ਾਦਾ ਜੋਰਾਵਰ ਸਿੰਘ ਜੀ
ਸਾਹਿਬਜ਼ਾਦਾ ਫਤਿਹ ਸਿੰਘ ਜੀ

**ਪ੍ਰਸ਼ਨ:65 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਦੋਂ ਤੇ ਕਿੱਥੇ ਕੀਤੀ ?**

ਉੱਤਰ ਸੰਨ 1699 ਈਸਵੀ ਨੂੰ ਵੈਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ।

**ਪ੍ਰਸ਼ਨ:66 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਦੇ ਨਾਮ ਦੱਸੋ ?**

ਉੱਤਰ
1. ਭਾਈ ਦਇਆ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਹਿੰਮਤ ਸਿੰਘ ਜੀ
4. ਭਾਈ ਮੋਹਕਮ ਸਿੰਘ ਜੀ
5. ਭਾਈ ਸਾਹਿਬ ਸਿੰਘ ਜੀ

**ਪ੍ਰਸ਼ਨ:67 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ ਮਹੱਲੇ ਦੀ ਸ਼ੁਰੂਆਤ ਕਦੋਂ ਅਤੇ ਕਿੱਥੇ ਕੀਤੀ ?**

ਉੱਤਰ 1700 ਈਸਵੀ ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿਖੇ

**ਪ੍ਰਸ਼ਨ:68 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੇ-ਕਿਹੜੇ ਕਿਲ੍ਹੇ ਉਸਾਰੇ ?**

ਉੱਤਰ ਫਤਿਹਗੜ੍ਹ, ਅਨੰਦਗੜ੍ਹ, ਕੇਸਗੜ੍ਹ ਅਤੇ ਸਤਿਲੁਜ ਪਾਰ ਲੋਹਗੜ੍ਹ, ਹੋਲਗੜ੍ਹ ਅਤੇ ਨਿਰਮੋਹ ਗੜ੍ਹ ਦੀ ਉਸਾਰੀ ਕੀਤੀ ।

**ਪ੍ਰਸ਼ਨ:69 "ਇਹ ਤਲਵਾਰ ਸੀਸ ਮੰਗਦੀ ਹੈ, ਕੋਈ ਹੈ ਜੋ ਇਸਦੀ ਪਿਆਸ ਬੁਝਾਏਗਾ" ਇਹ ਸ਼ਬਦ ਕਿਸਨੇ ਅਤੇ ਕਿੱਥੇ ਆਖੇ ?**

ਉੱਤਰ ਇਹ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਵੈਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਸੰਗਤ ਦੇ ਇਕੱਠ ਨੂੰ ਸੰਬੋਧਤ ਕੀਤੇ।

**ਪ੍ਰਸ਼ਨ:70 "ਨੀਲ ਬਸਤ੍ਰ ਲੇ ਕੱਪੜੇ ਫਾੜੇ ਤੁਰਕ ਪਠਾਣੀ ਅਮਲੁ ਗਇਆ" ਬਾਰੇ ਸੰਖੇਪ ਜਾਣਕਾਰੀ ਦਿਓ ?**

ਉੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੁਰਕੀ ਫੌਜਾਂ ਦੇ ਸਖਤ ਘੇਰੇ ਕਾਰਨ ਮਾਛੀਵਾੜੇ ਤੋਂ ਨੀਲ ਬਸਤਰ ਪਹਿਨਕੇ "ਉਚ ਦਾ ਪੀਰ" ਬਣਕੇ ਨਿਕਲੇ ਸਨ ਅਰ ਜਦੋਂ ਢਿਲਵੀਂ (ਮਾਲਵਾ) ਸੋਢੀ ਕੌਲ ਰਾਇ ਜੀ ਪਾਸ ਪਹੁੰਚੇ ਤਾਂ ਸੋਢੀ ਕੌਲ ਰਾਇ ਜੀ ਨੇ ਸਫੈਦ ਬਸਤਰ ਦਿੱਤੇ ਤੇ ਅਰਜ ਕੀਤੀ ਕਿ ਇਹ ਨੀਲੇ ਕੱਪੜੇ ਲਾਹ ਦਿਓ ਜੀ ਤਾਂ, ਗੁਰੂ ਜੀ ਨੇ ਨੀਲੇ ਕੱਪੜੇ ਲਾਹਕੇ ਪਾੜਕੇ ਅੰਗੀਠੇ ਵਿਚ ਫੂਕ ਦਿੱਤੇ ਅਤੇ ਫਿਰ ਇਹ ਤੁਕ ਪਲਟਾਈ ਸੀ। ਜਦ ਸੋਢੀ ਕੌਲ ਰਾਇ ਜੀ ਨੇ ਕਿਹਾ ਕਿ ਅਸਲੀ ਤੁਕ ਤਾਂ ਹੋਰ ਹੈ ਤਾਂ ਜਵਾਬ ਦਿੱਤਾ :-

"ਗੁਰੂ ਸਹਯੋ ਹਮ ਸਰਬੰਸ ਗਾਰ
ਤੁਕ ਪਲਟਾਈ ਹਿਤ ਉਪਕਾਰ"

ਅਰਥਾਤ ਇਹ ਤੁਕ ਪਲਟਨ ਬਦਲੇ ਮੈ ਸਾਰਾ ਪਰਿਵਾਰ ਜਾਂ 7 ਸਿਰ ਦਿੱਤੇ ਹਨ।

**ਪ੍ਰਸ਼ਨ:71 ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਕਿਸ-ਕਿਸ ਥਾਂ ਤੇ ਸ਼ਹੀਦ ਹੋਏ ?**

ਉੱਤਰ
1. ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਵਿਚ, ਸ਼ਹੀਦ ਹੋਏ।
2. ਸਾਹਿਬਜ਼ਾਦਾ ਜੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਸਰਹੰਦ ਵਿਖੇ ਸ਼ਹੀਦ ਹੋਏ।

**ਪ੍ਰਸ਼ਨ:72 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਉਂਦਿਆਂ ਹੀ ਅਲੋਪ ਹੋਣ ਦਾ ਨਰ ਨਾਟਕ ਕਿੱਥੇ ਅਤੇ ਕਦੋਂ ਕੀਤਾ ?**

ਉੱਤਰ ਸ੍ਰੀ ਹਜੂਰ ਸਾਹਿਬ {ਨੰਦੇੜ} ਵਿਖੇ ਅਕਤੂਬਰ 1708 ਵਿੱਚ

**ਪ੍ਰਸ਼ਨ:73 ਗੁਰੂ ਗੋਬਿੰਦ ਸਿੰਘ ਜੀ "ਨਾਭੇ ਦੀ ਝਿੜੀ" ਵਿਚ ਕਿਸ ਨਾਮ ਨਾਲ ਵਿਚਰਦੇ ਰਹੇ ?**

ਉੱਤਰ ਬਾਬਾ ਅਜਾਪਾਲ ਸਿੰਘ ਜੀ ਦੇ ਨਾਮ ਨਾਲ ।

**ਪ੍ਰਸ਼ਨ:74 ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦੀ ਦਾਤ ਕਿਸ ਨੂੰ ਅਤੇ ਕਦੋਂ ਸੰਭਾਲੀ ?**

ਉੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦੀ ਦਾਤ ਗੁਰੂ ਬਾਲਕ ਸਿੰਘ ਜੀ ਨੂੰ 1812 ਈ. ਵਿਚ ਬਖਸ਼ੀ।

**ਪ੍ਰਸ਼ਨ:75 "ਬੇਰ ਗਿਆਰ੍ਹਵੀਂ ਹਮ ਚਲ ਆਵਹਿ**
**ਤਿਸਤੇ ਕੋਇਕ ਹਮ ਲਖ ਪਾਵਹਿ।"**
**ਇਹ ਤੁਕਾਂ ਕਿਸ ਗ੍ਰੰਥ ਵਿਚ ਅੰਕਤ ਹਨ ਅਤੇ ਇਸਦੇ ਅਰਥ ਦੱਸੋ?**

ਉੱਤਰ ਇਹ ਤੁਕਾਂ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਰੁਤ ਪੰਜਵੀ ਅੰਸ਼ 38 ਵਿਚ ਅੰਕਤ ਹਨ।
ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ 'ਜਦੋਂ ਗਿਆਰ੍ਹਵੇਂ ਜਾਮੇ ਵਿਚ ਆਵਾਂਗੇ ਤਾਂ ਲੱਖਾਂ ਵਿਚੋਂ ਕੋਈ ਵਿਰਲਾ ਹੀ (ਇਕ ਹੀ) ਸਾਡੀ ਪਹਿਚਾਣ ਕਰ ਸਕੇਗਾ'।

**ਪ੍ਰਸ਼ਨ:76 ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰਤਾ ਦੀ ਦਾਤ ਕਿਸ ਨੂੰ ਸੰਭਾਲੀ ?**

ਉੱਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ।

**ਪ੍ਰਸ਼ਨ:77 ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਕਦੋਂ ਅਤੇ ਕਿੱਥੇ ਹੋਇਆ ?**

ਉੱਤਰ ਪ੍ਰਕਾਸ਼: ਸੰਨ 1816 ਈਸਵੀ।
ਪ੍ਰਕਾਸ਼ ਸਥਾਨ: ਪਿੰਡ ਰਾਈਆਂ (ਲੁਧਿਆਣਾ)

**ਪ੍ਰਸ਼ਨ:78 ਸਤਿਗੁਰੂ ਰਾਮ ਸਿੰਘ ਜੀ ਦੇ ਪਰਿਵਾਰ ਸਬੰਧੀ ਜਾਣਕਾਰੀ ਦਿਓ ?**

ਉੱਤਰ ਪਿਤਾ: ਬਾਬਾ ਜੱਸਾ ਸਿੰਘ ਜੀ
ਮਾਤਾ: ਮਾਤਾ ਸਦਾ ਕੌਰ ਜੀ
ਭਾਈ: ਭਾਈ ਬੁੱਧ ਸਿੰਘ ਜੀ (ਸਤਿਗੁਰੂ ਹਰੀ ਸਿੰਘ ਜੀ)
ਸੁਪਤਨੀ: ਮਾਤਾ ਜੱਸਾਂ ਜੀ।
ਸੰਤਾਨ: ਬੀਬੀ ਨੰਦਾਂ ਅਤੇ ਬੀਬੀ ਦਇਆ ਕੌਰ ਜੀ।

**ਪ੍ਰਸ਼ਨ:79 ਰਾਏ ਕੋਟ ਵਿਖੇ ਕਿਹੜੇ ਤਿੰਨ ਸਿੰਘਾਂ ਨੂੰ ਫਾਂਸੀ ਲਗਾਈ ਗਈ ?**

ਉੱਤਰ ਸੰਤ ਮਸਤਾਨ ਸਿੰਘ, ਸੰਤ ਮੰਗਲ ਸਿੰਘ ਅਤੇ ਸੰਤ ਗੁਰਮੁੱਖ ਸਿੰਘ ਜੀ।

**ਪ੍ਰਸ਼ਨ:80 ਰਾਏਕੋਟ ਸਾਕੇ ਦੇ ਕਿਹੜੇ ਦੋ ਸਿੰਘਾਂ ਨੂੰ ਲੁਧਿਆਣਾ ਵਿਖੇ ਕਦੋਂ ਫਾਂਸੀ ਲਗਾਈ ਗਈ ?**

ਉੱਤਰ ਸੂਬਾ ਗਿਆਨੀ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਜੀ ਨੂੰ ਸੈਂਟਰਲ ਜੇਲ੍ਹ ਲੁਧਿਆਣਾ ਵਿਖੇ 26 ਨਵੰਬਰ 1871 ਈ: ਨੂੰ ਫਾਂਸੀ ਦਿੱਤੀ ਗਈ।

**ਪ੍ਰਸ਼ਨ:81 ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਕਿਹੜੇ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾਇਆ ?**

ਉੱਤਰ
1. ਭਾਈ ਕਾਹਨ ਸਿੰਘ ਨਿਹੰਗ
2. ਭਾਈ ਲਾਭ ਸਿੰਘ ਰਾਗੀ
3. ਭਾਈ ਸੁਧ ਸਿੰਘ
4. ਭਾਈ ਆਤਮਾ ਸਿੰਘ
5. ਭਾਈ ਨੈਣਾਂ ਸਿੰਘ

**ਪ੍ਰਸ਼ਨ:82 ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਚਾਰ ਹਿਤ ਕਿੰਨੇ ਸੂਬਾ ਸਾਹਿਬਾਨ ਥਾਪੇ ?**

ਉੱਤਰ 22 ਸੂਬੇ ਥਾਪੇ

**ਪ੍ਰਸ਼ਨ:83 ਸਤਿਗੁਰੂ ਰਾਮ ਸਿੰਘ ਜੀ ਦੇ ਪਹਿਲੇ ਪੰਜ ਸੂਬੇ ਸਾਹਿਬਾਨਾਂ ਦੇ ਨਾਮ ਦੱਸੋ ?**

ਉੱਤਰ
1. ਸੂਬਾ ਕਾਹਨ ਸਿੰਘ ਨਿਹੰਗ
2. ਸੂਬਾ ਲੱਖਾ ਸਿੰਘ
3. ਸੂਬਾ ਸੁਧ ਸਿੰਘ
4. ਸੂਬਾ ਜਵਾਹਰ ਸਿੰਘ
5. ਸੂਬਾ ਸਾਹਿਬ ਸਿੰਘ

**ਪ੍ਰਸ਼ਨ:84 ਕੂਕਾ ਪੋਸਟਲ ਸਰਵਿਸ ਦੇ ਇੰਚਾਰਜ ਦਾ ਨਾਮ ਦੱਸੋ ?**

ਉੱਤਰ ਸੂਬਾ ਸਾਹਿਬ ਸਿੰਘ

**ਪ੍ਰਸ਼ਨ:85 ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੰਚਾਇਤੀ ਸੂਬੇ ਦਾ ਨਾਮ ਦੱਸੋ ?**

ਉੱਤਰ ਸੂਬਾ ਗਿਆਨੀ ਰਤਨ ਸਿੰਘ

**ਪ੍ਰਸ਼ਨ:86 ਸਤਿਗੁਰੂ ਰਾਮ ਸਿੰਘ ਜੀ ਨੇ ਸਦਾ ਵਰਤ ਲੋਹ ਲੰਗਰ ਕਦੋਂ ਸਥਾਪਿਤ ਕੀਤਾ ?**

ਉੱਤਰ 1862 ਈਸਵੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਕੀਤੀ।

**ਪ੍ਰਸ਼ਨ:87 ਸ਼ੇਰ-ਏ-ਪੰਜਾਬ ਕਿਸ ਨੂੰ ਕਿਹਾ ਜਾਂਦਾ ਹੈ ?**

ਉੱਤਰ ਮਹਾਰਾਜਾ ਰਣਜੀਤ ਸਿੰਘ ਨੂੰ

**ਪ੍ਰਸ਼ਨ:88 ਸਭ ਤੋਂ ਪਹਿਲਾਂ ਇਸਤਰੀਆਂ ਨੂੰ ਅੰਮ੍ਰਿਤ ਕਿਹੜੇ ਸਤਿਗੁਰੂ ਜੀ ਨੇ ਕਦੋਂ ਅਤੇ ਕਿਸ ਸਥਾਨ ਤੇ ਛਕਾਇਆ ?**

ਉੱਤਰ ਇਸਤਰੀਆਂ ਨੂੰ ਅੰਮ੍ਰਿਤ ਦੀ ਦਾਤ ਸਤਿਗੁਰੂ ਰਾਮ ਸਿੰਘ ਜੀ ਨੇ, 1 ਜੂਨ 1863 ਈ. ਨੂੰ ਪਿੰਡ ਸਿਆੜ ਜ਼ਿਲ੍ਹਾ ਲੁਧਿਆਣਾ ਵਿਖੇ ਬਖਸ਼ੀ।

**ਪ੍ਰਸ਼ਨ:89 ਅਨੰਦ ਕਾਰਜ ਦੀ ਰਸਮ ਕਿਹੜੇ ਸਤਿਗੁਰੂ ਜੀ ਨੇ ਕਦੋਂ ਅਤੇ**

**ਕਿੱਥੇ ਆਰੰਭ ਕੀਤੀ ?**

ਉੱਤਰ ਅਨੰਦ ਕਾਰਜ ਦੀ ਰਸਮ 3 ਜੂਨ 1863 ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਪਹਿਲੀ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਆਰੰਭ ਕੀਤੀ।

**ਪ੍ਰਸ਼ਨ:90 ਮਲੇਰਕੋਟਲਾ ਸਾਕੇ ਵਿੱਚ 17 ਜਨਵਰੀ 1872 ਨੂੰ ਕਿੰਨੇ ਸਿੰਘ ਸ਼ਹੀਦ ਹੋਏ ?**

ਉੱਤਰ 50 ਸਿੰਘ ਸ਼ਹੀਦ ਕੀਤੇ ਗਏ।

**ਪ੍ਰਸ਼ਨ:91 ਮਲੇਰਕੋਟਲੇ ਵਿਖੇ 18 ਜਨਵਰੀ 1872 ਨੂੰ ਕਿੰਨੇ ਸਿੰਘ ਸ਼ਹੀਦ ਹੋਏ ?**

ਉੱਤਰ 16 ਸਿੰਘ ਸ਼ਹੀਦ ਕੀਤੇ ਗਏ।

**ਪ੍ਰਸ਼ਨ:92 ਸ਼ਹੀਦ ਬਿਸ਼ਨ ਸਿੰਘ ਕਿੰਨੀ ਉਮਰ ‘ਚ ਸ਼ਹੀਦ ਹੋਏ ?**

ਉੱਤਰ 12 ਸਾਲ ਦੀ

**ਪ੍ਰਸ਼ਨ:93 ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਿਸ ਕਿਸ ਖਾਸ ਪੱਖ ਤੋਂ ਅੰਗ੍ਰੇਜ਼ ਹਕੂਮਤ ਦੇ ਬਾਈਕਾਟ ਦਾ ਹੁਕਮ ਦਿੱਤਾ ?**

ਉੱਤਰ

1. ਅੰਗ੍ਰੇਜ਼ੀ ਸਕੂਲਾਂ ਦਾ ਬਾਈਕਾਟ
2. ਅੰਗ੍ਰੇਜ਼ੀ ਡਾਕ ਪ੍ਰਬੰਧ ਦਾ ਬਾਈਕਾਟ
3. ਅੰਗ੍ਰੇਜ਼ੀ ਅਦਾਲਤਾਂ ਦਾ ਬਾਈਕਾਟ
4. ਵਿਦੇਸ਼ੀ ਬਣਿਆ ਕੱਪੜਾ ਅਤੇ ਹੋਰ ਚੀਜ਼ਾਂ ਦਾ ਬਾਈਕਾਟ
5. ਅੰਗ੍ਰੇਜ਼ੀ ਕਾਨੂੰਨ ਦਾ ਬਾਈਕਾਟ

**ਪ੍ਰਸ਼ਨ:94 ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਨਾਮਧਾਰੀ ਸਿੰਘਾਂ ਨੇ ਬੁੱਚੜਖਾਨੇ ਤੇ ਕਦੋਂ ਹਮਲਾ ਕੀਤਾ ਤੇ ਇਸ ਸਾਕੇ ਵਿੱਚ ਕੁਲ ਕਿੰਨੇ ਸਿੱਖ ਸ਼ਹੀਦ ਹੋਏ?**

ਉੱਤਰ

- 14-15 ਜੂਨ 1871 ਈਸਵੀ ਦੀ ਵਿਚਕਾਰਲੀ ਰਾਤ ਨੂੰ ਹਮਲਾ ਕੀਤਾ ਅਤੇ ਇਸ ਵਿਚ ਹੇਠ ਲਿਖੇ ਸਿੰਘਾਂ ਨੂੰ ਫਾਂਸੀ

ਦੀ ਸਜ਼ਾ ਦਿੱਤੀ ਗਈ:-

- 15 ਸਤੰਬਰ 1871 ਈ: ਨੂੰ ਫਾਂਸੀ:-
  1) ਭਾਈ ਲਹਿਣਾ ਸਿੰਘ, 2) ਭਾਈ ਫਤਹਿ ਸਿੰਘ
  3) ਭਾਈ ਹਾਕਮ ਸਿੰਘ ਪਟਵਾਰੀ 4) ਭਾਈ ਬੀਹਲਾ ਸਿੰਘ।
- 12 ਅਗਸਤ 1873 ਈ: ਨੂੰ ਫਾਂਸੀ: 1) ਭਾਈ ਝੰਡਾ ਸਿੰਘ

**ਪ੍ਰਸ਼ਨ:95 ਭਾਈ ਨਾਨੂੰ ਸਿੰਘ ਜੀ ਕੌਣ ਸਨ ?**

ਉੱਤਰ ਭਾਈ ਨਾਨੂੰ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਨਿੰਨ ਸੇਵਕ ਹੋਏ ਹਨ।

**ਪ੍ਰਸ਼ਨ:96 ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਜ਼ੂਰੀ ਰਾਗੀ ਕਿਹੜੇ ਸਨ ?**

ਉੱਤਰ ਭਾਈ ਦਿਤੂ ਜੀ ਅਤੇ ਭਾਈ ਕਾਲੂ ਜੀ ਜ਼ਿਲ੍ਹਾ ਜਲੰਧਰ ਦੇ ਸਨ ।

**ਪ੍ਰਸ਼ਨ:97 ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ?**

ਉੱਤਰ ਪ੍ਰਕਾਸ਼ ਦਿਵਸ: ਸੰਨ 1819 ਈਸਵੀ ।
ਪ੍ਰਕਾਸ਼ ਸਥਾਨ: ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ।

**ਪ੍ਰਸ਼ਨ:98 ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਪਿਤਾ ਮਾਤਾ ਜੀ ਦਾ ਨਾਮ ਦੱਸੋ ?**

ਉੱਤਰ ਪਿਤਾ: ਬਾਬਾ ਜੱਸਾ ਸਿੰਘ ਜੀ
ਮਾਤਾ: ਸਦਾ ਕੌਰ ਜੀ

**ਪ੍ਰਸ਼ਨ:99 ਸਤਿਗੁਰੂ ਹਰੀ ਸਿੰਘ ਜੀ ਦਾ ਪਹਿਲਾ ਨਾਮ ਦੱਸੋ ?**

ਉੱਤਰ ਬਾਬਾ ਬੁੱਧ ਸਿੰਘ ਜੀ

**ਪ੍ਰਸ਼ਨ:100 "ਇਹ ਸਿੱਖੀ ਨੂੰ ਹਰੀ ਰੱਖੇਗਾ, ਇਸ ਨੂੰ ਸਿਰ ਕਰਤਾ ਜਾਨਣਾ" ਇਹ ਬਚਨ ਕਿਸਨੇ ਕਿਸ ਬਾਬਤ ਆਖੇ?**

ਉੱਤਰ ਇਹ ਬਚਨ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਬਾਬਤ ਆਖੇ

**ਪ੍ਰਸ਼ਨ:101 ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਕਦੋਂ ਅਤੇ ਕਿੱਥੇ ਹੋਇਆ ? ਉਹਨਾਂ ਦੀ ਪਰਿਵਾਰਿਕ ਜਾਣਕਾਰੀ ਦਿਓ ?**

ਉੱਤਰ ਪ੍ਰਕਾਸ਼: 1890 ਈਸਵੀ, ਪ੍ਰਕਾਸ਼ ਸਥਾਨ: ਸ੍ਰੀ ਭੈਣੀ ਸਾਹਿਬ
ਪਿਤਾ: ਸ੍ਰੀ ਸਤਿਗੁਰੂ ਹਰੀ ਸਿੰਘ ਜੀ
ਮਾਤਾ: ਮਾਤਾ ਜੀਵਨ ਕੌਰ ਜੀ
ਸੁਪੱਤਨੀ: ਮਾਤਾ ਭੁਪਿੰਦਰ ਕੌਰ ਜੀ
ਸੰਤਾਨ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ,
ਸ੍ਰੀ ਮਹਾਰਾਜ ਬੀਰ ਸਿੰਘ ਜੀ।

**ਪ੍ਰਸ਼ਨ:102 ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਿੰਨੇ ਸਾਲ ਦੀ ਉਮਰ ਵਿਚ ਗੁਰਗੱਦੀ ਤੇ ਸੁਭਾਇਮਾਨ ਹੋਏ ?**

ਉੱਤਰ 16 ਸਾਲ ਦੀ ਉਮਰ ਵਿਚ

**ਪ੍ਰਸ਼ਨ:103 ਇੱਕ ਘੰਟਾ ਨਾਮ-ਸਿਮਰਨ ਕਰਨ ਦਾ ਹੁਕਮ ਪਿਹਲੀ ਵਾਰ ਕਿਹੜੇ ਸਤਿਗੁਰੂ ਜੀ ਨੇ ਅਤੇ ਕਦੋਂ ਕੀਤਾ ?**

ਉੱਤਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਨ 1940 ਈ. ਨੂੰ ਕੀਤਾ ।

**ਪ੍ਰਸ਼ਨ:104 ਗੁਰੂ ਨਾਨਕ ਸਰਬ-ਸੰਪ੍ਰਦਾਇ ਕਾਨਫਰੰਸ ਕਦੋਂ ਤੇ ਕਿੱਥੇ ਹੋਈ ?**

ਉੱਤਰ ਸ੍ਰੀ ਭੈਣੀ ਸਾਹਿਬ ਵਿਖੇ, ਸੰਨ 1934 ਈ. ਨੂੰ

**ਪ੍ਰਸ਼ਨ:105 ਗੁਰੂ ਨਾਨਕ ਸਰਬ ਸੰਪ੍ਰਦਾਇ ਵਿੱਚ ਕਿਹੜਾ ਖਾਸ ਮਤਾ ਪਾਸ ਕੀਤਾ ਗਿਆ?**

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੀਆਂ ਸਾਰੀਆਂ ਸੰਪ੍ਰਦਾਵਾਂ ਆਪਣੇ ਅਸੂਲਾਂ ਦਾ ਆਪਸੀ ਸਦਭਾਵਨਾ, ਪ੍ਰੇਮ ਅਤੇ ਵਿਦਵਤਾ ਸਹਿਤ ਮੰਡਣ ਰੂਪ ਵਿੱਚ ਪ੍ਰਚਾਰ ਕਰਨ ਅਤੇ ਇੱਕ ਦੂਜੇ ਦੇ ਸਿਧਾਤਾਂ ਨੂੰ ਖੰਡਣ ਕਰਨ ਦੀ ਪਰਪਾਟੀ ਨੂੰ ਬੰਦ ਕੀਤਾ ਜਾਵੇ।

**ਪ੍ਰਸ਼ਨ:106 ਹਿੰਦੂ-ਸਿੱਖ ਮਿਲਾਪ ਕਾਨਫਰੰਸ ਕਿੱਥੇ ਤੇ ਕਦੋਂ ਹੋਈ ?**

ਉੱਤਰ ਸੰਨ 1943 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਰਵਾਈ।

**ਪ੍ਰਸ਼ਨ:107 "ਸਤਿਜੁਗ" ਅਖਬਾਰ ਕਦੋਂ ਤੇ ਕਿੱਥੋਂ ਛਪਣਾ ਸ਼ੁਰੂ ਹੋਇਆ ? ਇਸ ਦੇ ਪਹਿਲੇ ਸੰਪਾਦਕ ਕੌਣ ਸਨ ?**

ਉੱਤਰ 1920 ਈਸਵੀ ਨੂੰ ਲਾਹੌਰ ਤੋਂ ਛਪਣਾ ਸ਼ੁਰੂ ਹੋਇਆ । ਇਸ ਦੇ ਪਹਿਲੇ ਸੰਪਾਦਕ ਸ੍ਰੀ ਮਾਨ ਸ.ਨਿਰੰਕਾਰ ਸਿੰਘ 'ਚੇਤਨ' ਸਨ।

**ਪ੍ਰਸ਼ਨ:108 ਮਾਈਆਂ ਨੂੰ ਅਲੱਗ ਜਪ ਪ੍ਰਯੋਗ ਦੀ ਆਗਿਆ ਕਦੋਂ ਅਤੇ ਕਿਸ ਨੇ ਦੁਆਈ ?**

ਉੱਤਰ ਸੰਨ 1919 ਨੂੰ ਮਾਤਾ ਭੁਪਿੰਦਰ ਕੌਰ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਅਰਜ਼ ਕਰ ਕੇ ਦੁਆਈ।

**ਪ੍ਰਸ਼ਨ:109 ਅਨੰਦ ਮੈਰਿਜ ਐਕਟ ਕਿਸ ਨੇ ਅਤੇ ਕਦੋਂ ਪਾਸ ਕੀਤਾ ?**

ਉੱਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾਂ 3 ਜੂਨ, 1863 ਈ. ਨੂੰ ਸ਼ੁਰੂ ਕੀਤੇ ਆਨੰਦ ਕਾਰਜ 'ਤੇ ਅਧਾਰਿਤ ਵਾਇਸਰਾਇ ਕੋਂਸਲ ਨੇ 20 ਅਕਤੂਬਰ 1909 ਈ. ਨੂੰ ਪਾਸ ਕੀਤਾ।

**ਪ੍ਰਸ਼ਨ:110 ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਕਿੱਥੇ ਅਤੇ ਕਦੋਂ ਹੋਇਆ ? ਉਹਨਾਂ ਦੀ ਪਰਿਵਾਰਕ ਜਾਣਕਾਰੀ ਵੀ ਦਿਓ ?**

ਉੱਤਰ ਪ੍ਰਕਾਸ਼- 1920 ਈਸਵੀ

ਪ੍ਰਕਾਸ਼ ਸਥਾਨ- ਸ੍ਰੀ ਭੈਣੀ ਸਾਹਿਬ

ਪਿਤਾ- ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਮਾਤਾ- ਮਾਤਾ ਭੁਪਿੰਦਰ ਕੌਰ ਜੀ

ਸੁਪਤਨੀ- ਮਾਤਾ ਚੰਦ ਕੌਰ ਜੀ ਅਤੇ ਸਵਰਗੀ ਮਾਤਾ ਰਜਿੰਦਰ ਕੌਰ ਜੀ।

ਸਪੁੱਤਰੀ- ਬੀਬਾ ਸਾਹਿਬ ਕੌਰ ਜੀ

**ਪ੍ਰਸ਼ਨ:111 ਸਤਿਗੁਰੂ ਜਗਜੀਤ ਸਿੰਘ ਜੀ ਕਦੋਂ ਜੋਤੀ ਜੋਤ ਸਮਾਏ ?**

ਉੱਤਰ 13 ਦਿਸੰਬਰ 2012

**ਪ੍ਰਸ਼ਨ:112 ਨਾਮਧਾਰੀ ਵਿਦਿਅਕ ਜਥੇ ਦੇ ਪਹਿਲੇ ਪ੍ਰਧਾਨ ਦਾ ਨਾਮ ਦੱਸੋ ?**

ਉੱਤਰ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ

**ਪ੍ਰਸ਼ਨ:113 ਮਨਮੁੱਖ, ਗੁਰਮੁੱਖ ਅਤੇ ਬੇਮੁੱਖ ਤੋਂ ਕੀ ਭਾਵ ਹੈ ?**

ਉੱਤਰ ਜਿਹੜਾ ਮਨੁੱਖ ਆਪਣੇ ਮਨ ਦੇ ਆਖੇ ਲਗ ਕੇ ਕਾਰਜ ਕਰੇ ਉਸਨੂੰ ਮਨਮੁੱਖ ਕਿਹਾ ਜਾਂਦਾ ਹੈ।

ਜਿਹੜਾ ਮਨੁੱਖ ਆਪਣੇ ਗੁਰੂ ਦੇ ਹੁਕਮ ਅਨੁਸਾਰ ਚਲਕੇ ਆਪਣਾ ਜੀਵਨ ਬਿਤਾਏ ਉਸਨੂੰ ਗੁਰਮੁੱਖ ਆਖਿਆ ਜਾਂਦਾ ਹੈ।

ਜਿਹੜਾ ਮਨੁੱਖ ਗੁਰੂ ਨੂੰ ਮੰਨਣ ਤੋਂ ਇਨਕਾਰ ਕਰ ਦੇਵੇ ਉਸਨੂੰ ਬੇਮੁੱਖ ਆਖਿਆ ਜਾਂਦਾ ਹੈ।

**ਪ੍ਰਸ਼ਨ:114 ਨਿਤਨੇਮ ਦੀਆਂ ਬਾਣੀਆਂ ਦੇ ਨਾਮ ਦੱਸੋ ?**

ਉੱਤਰ ਜਪੁਜੀ ਸਾਹਿਬ, ਜਾਪੁ ਸਾਹਿਬ, ਦੋਹਾਂ ਦੇ ਹਜ਼ਾਰੇ, ਰਹਿਰਾਸ, ਕੀਰਤਨ ਸੋਹਿਲਾ ਤੇ ਚੰਡੀ ਦੀ ਵਾਰ।

**ਪ੍ਰਸ਼ਨ:115 ਅੰਮ੍ਰਿਤ ਤਿਆਰ ਕਰਨ ਵੇਲੇ ਕਿਹੜੀਆਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ ?**

ਉੱਤਰ ਜਪੁਜੀ ਸਾਹਿਬ, ਜਾਪੁ ਸਾਹਿਬ, ਚੌਪਈ, ਅਨੰਦ ਸਾਹਿਬ ਤੇ ਸਵੈਯੇ ਪਾਤਸਾਹੀ 10ਵੀਂ।

**ਪ੍ਰਸ਼ਨ:116 ਹਵਨ ਕਰਨ ਸਮੇਂ ਕਿਹੜੀਆਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ ?**

ਉੱਤਰ ਜਪੁਜੀ ਸਾਹਿਬ, ਜਾਪੁ ਸਾਹਿਬ, ਚੌਪਈ, ਚੰਡੀ ਚਰਿਤ੍ਰ ਦੂਸਰਾ, ਅਕਾਲ ਉਸਤਤ, ਚੰਡੀ ਦੀ ਵਾਰ ਤੇ ਉਗ੍ਰਦੰਤੀ।

**ਪ੍ਰਸ਼ਨ:117 ਅਖੰਡ ਪਾਠ ਦਾ ਭੋਗ ਮਰਿਆਦਾ ਅਨੁਸਾਰ ਕਿੰਨੇ ਸਮੇਂ ਦੇ ਵਿੱਚ-ਵਿੱਚ ਪਾਇਆ ਜਾਂਦਾ ਹੈ ?**

ਉੱਤਰ 48 ਘੰਟਿਆਂ ਦੇ ਵਿੱਚ-ਵਿੱਚ।

**ਪ੍ਰਸ਼ਨ:118 ਅਖੰਡ ਪਾਠ ਲਈ ਕਿੰਨੇ ਸਿੰਘ ਚਾਹੀਦੇ ਹਨ ?**

ਉੱਤਰ ਪਾਠੀ- 5 ਸਿੰਘ, ਧੂਪੀਏ- 5 ਸਿੰਘ, ਲਾਂਗਰੀ - 2 ਸਿੰਘ, ਪਹਿਰੂ- 2 ਸਿੰਘ, ਕੁੱਲ-14 ਸਿੰਘ

**ਪ੍ਰਸ਼ਨ:119 ਅਲੱਗ-ਅਲੱਗ ਕਿਸਮ ਦੀਆਂ ਵਰਨੀਆਂ ਵਿੱਚ ਕਿੰਨੇ ਪਾਠ ਜਾਂ ਮਾਲਾ ਕੀਤੀਆਂ ਜਾਂਦੀਆਂ ਹਨ ?**

ਉੱਤਰ

1. ਚੌਪਈ ਦੀ ਵਰਨੀ ਵਿਚ 101 ਪਾਠ ਚੌਪਈ ਦੇ ਕੀਤੇ ਜਾਂਦੇ ਹਨ।
2. ਚੰਡੀ ਦੀ ਵਾਰ ਦੀ ਵਰਨੀ ਵਿਚ 101 ਪਾਠ ਚੰਡੀ ਦੀ ਵਾਰ ਦੇ ਕੀਤੇ ਜਾਂਦੇ ਹਨ।
3. ਭਜਨ ਦੀ ਵਰਨੀ ਵਿਚ 25 ਮਾਲਾ ਭਜਨ ਦੀਆਂ ਕੀਤੀਆਂ ਜਾਂਦੀਆਂ ਹਨ।

ਹਵਨ, ਅਖੰਡ ਪਾਠ ਜਾਂ ਵਰਨੀ ਵਿੱਚ ਕੋਈ ਵੀ ਸਿੰਘ ਸੋਧ ਰੱਖਣ ਤੋਂ ਬਿਨ੍ਹਾਂ ਸ਼ਾਮਲ ਨਹੀਂ ਹੋ ਸਕਦਾ।

**ਪ੍ਰਸ਼ਨ:120 ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ ਕੀ ਸੀ ?**

ਉੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ 'ਬਿਅੰਤ ਜੀ' ਸੀ।

**ਪ੍ਰਸ਼ਨ:121 ਸਤਿਗੁਰੂ ਉਦੇ ਸਿੰਘ ਜੀ ਗੁਰਗੱਦੀ ਦੇ ਵਾਰਿਸ ਕਦੋਂ ਬਣੇ ?**

ਉੱਤਰ 13 ਦਿਸੰਬਰ 2012 ਨੂੰ

**ਪ੍ਰਸ਼ਨ:122 ਸਤਿਗੁਰੂ ਉਦੇ ਸਿੰਘ ਜੀ ਦੀ ਪੰਥਕ ਦਸਤਾਰਬੰਦੀ ਕਦੋਂ ਅਤੇ ਕਿੱਥੇ ਹੋਈ ?**

ਉੱਤਰ 23 ਦਿਸੰਬਰ 2012 ਨੂੰ ਸ੍ਰੀ ਭੈਣੀ ਸਾਹਿਬ ਵਿਖੇ

**ਪ੍ਰਸ਼ਨ:123 ਸਤਿਗੁਰੂ ਉਦੇ ਸਿੰਘ ਜੀ ਦੀ ਪਰਿਵਾਰਕ ਜਾਣਕਾਰੀ ਦੱਸੋ ?**

ਉੱਤਰ ਪਿਤਾ ਮਹਾਰਾਜ ਬੀਰ ਸਿੰਘ ਜੀ
ਮਾਤਾ ਬੇਬੇ ਦਲੀਪ ਕੌਰ ਜੀ
ਸੁਪਤਨੀ- ਮਾਤਾ ਗੁਰਸ਼ਰਨ ਕੌਰ ਜੀ
ਸਪੁੱਤਰੀ- ਬੀਬੀ ਉੱਜਲ ਕੌਰ ਜੀ
ਸਪੁੱਤਰ- ਸ੍ਰੀ ਉੱਤਮ ਸਿੰਘ ਜੀ

**ਪ੍ਰਸ਼ਨ:124 ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਉਸਾਰੇ ਗਏ ਨਾਮਧਾਰੀ ਪੰਥ ਦੇ ਧਾਰਮਿਕ ਸਥਾਨਾਂ ਦੇ ਨਾਮ ਦੱਸੋ ? (ਕੋਈ 5 ਯਾਦ ਕਰੋ)**

ਉੱਤਰ

1. ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ 'ਸ੍ਰੀ ਜਗਜੀਤ ਮੰਦਰ' ਦੀ ਉਸਾਰੀ ਜਿੱਥੇ ਲਗਾਤਾਰ ਅਖੰਡ ਪਾਠਾਂ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ।
2. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਤਪ ਅਸਥਾਨ 'ਅਕਾਲ ਬੂੰਗਾ' ਵੀ ਦਰਸ਼ਨੀ ਅਸਥਾਨ ਬਣ ਗਿਆ ਹੈ।
3. ਸ੍ਰੀ ਭੈਣੀ ਸਾਹਿਬ ਵਿਖੇ ਵੱਡੇ ਮੇਲਿਆਂ ਸਮੇਂ ਸਾਧ ਸੰਗਤ ਦੇ ਬੈਠਣ ਲਈ 200×400 ਫੁੱਟ ਦੇ 'ਗੁਰੂ ਨਾਨਕ ਸਤਿਸੰਗ ਭਵਨ' ਦੀ ਉਸਾਰੀ ।
4. ਸ੍ਰੀ ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿਚ- ਗੁਰੂਸਰ (ਮਾਲਵਾ) ਵਿਖੇ ਧਰਮਸ਼ਾਲਾ।
5. ਮਾਲਵੇ ਦੇ ਸ਼ਹੀਦਾਂ ਸਿੰਘਾਂ ਦੀ ਯਾਦ ਵਿੱਚ ਰਾਮਪੁਰਾ ਫੂਲ ਵਿਖੇ ਨਾਮਧਾਰੀ ਧਰਮਸ਼ਾਲਾ।
6. ਨਾਮਧਾਰੀ ਸ਼ਹੀਦੀ ਸਮਾਰਕ (ਲੁਧਿਆਣਾ) ਦਾ ਨਵ-ਨਿਰਮਾਣ।
7. ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿੱਚ ਪਿੰਡ 'ਬੰਗਾਲੀਪੁਰ' (ਤਰਨਤਾਰਨ) ਵਿਖੇ ਧਰਮਸ਼ਾਲਾ ਦੀ ਸਥਾਪਨਾ।
8. ਮਾਈਸਰਖਾਨੇ (ਮਾਲਵਾ) ਵਿਖੇ 'ਸਤਿਗੁਰੂ ਰਾਮ ਸਿੰਘ ਧਰਮਸ਼ਾਲਾ' ਦੀ ਉਸਾਰੀ ਕਰਵਾਈ।
9. ਭਾਈ ਰੂਪਾ ਪਿੰਡ ਵਿਖੇ 'ਨਾਮਧਾਰੀ ਧਰਮਸ਼ਾਲਾ' ਦੀ ਉਸਾਰੀ
10. ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਵਿੱਚ 35 ਏਕੜ ਜਗ੍ਹਾ

ਖਰੀਦ ਕੇ ਸਮਾਗਮਾਂ ਵਾਸਤੇ ਵੱਡੇ ਹਾਲ ਦੀ ਉਸਾਰੀ ਕਰਵਾਈ।

11. ਕੈਨੇਡਾ ਦੇ ਟੋਰਾਂਟੋਂ ਸ਼ਹਿਰ ਵਿੱਚ 97 ਏਕੜ ਜ਼ਮੀਨ ਖਰੀਦੀ ਤਾਂਕਿ ਸਾਧ-ਸੰਗਤ ਦੇ ਵੱਡੇ ਸਮਾਗਮ ਸੌਖੇ ਤਰੀਕੇ ਨਾਲ ਕੀਤੇ ਜਾ ਸਕਣ।
12. ਦੇਸ਼ ਦੀ ਅਜ਼ਾਦੀ ਹਿੱਤ ਕੈਦ ਕੱਟਣ ਵਾਲੇ, ਨਾਮਧਾਰੀ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਜੀ ਦੀ ਯਾਦ ਵਿਚ ਹਜ਼ਾਰੀ ਬਾਗ ਦੀ ਸੈਂਟਰਲ ਜੇਲ੍ਹ ਵਿਚ ਸੋਹਣਾ ਬਾਗ ਲਗਾ ਕੇ ਉਹਨਾਂ ਦੇ ਬੁੱਤ ਸਥਾਪਿਤ ਕੀਤੇ ਹਨ।

**ਪ੍ਰਸ਼ਨ:125 ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਪੰਥਕ ਕਾਰਜਾਂ ਦਾ ਵੇਰਵਾ ਦਿਉ ? (ਕੋਈ 10 ਯਾਦ ਕਰੋ)**

ਉੱਤਰ

1. ਦੇਸ਼- ਵਿਦੇਸ਼ ਵਿੱਚ ਆਪਸੀ ਸਦਭਾਵਨਾ ਨੂੰ ਕਾਇਮ ਰੱਖਣ ਲਈ- ਸਰਬ ਧਰਮ ਸੰਮੇਲਨਾਂ ਦਾ ਆਯੋਜਨ।
2. ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਆਰੰਭ ਕੀਤੇ ਗਏ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਾ ਲੱਖ ਪਾਠਾਂ ਦੀ ਲੜੀ ਨੂੰ 2019 ਈ. 'ਚ ਸੰਪੂਰਨ ਕਰਵਾਇਆ। ਉਪਰੰਤ 11000 ਪਾਠਾਂ ਦੀ ਲੜੀ ਸ਼ੁਰੂ ਕਰਵਾਈ, ਜਿਸ ਦੀ ਸਮਾਪਤੀ ਹੋ ਚੁੱਕੀ ਹੈ ਤੇ ਅਗਲੀ ਲੜ੍ਹੀ ਨਿਰੰਤਰ ਜਾਰੀ ਰਹੇਗੀ।
3. ਨਾਮਧਾਰੀ ਬੱਚਿਆਂ ਨੂੰ ਸੰਗੀਤ, ਪੰਜਾਬੀ, ਗੁਰਮੁਖੀ ਅਤੇ ਗੁਰਬਾਣੀ ਸੰਥਿਆ ਲਈ ਆਨਲਾਈਨ ਕਲਾਸਾਂ ਸ਼ੁਰੂ ਕਰਵਾਈਆਂ।
4. ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਸੁਧਾਈ ਕਰਵਾਕੇ ਛਪਵਾਈ ਕਰਵਾਈ ਅਤੇ ਨਾਮਧਾਰੀ ਗੁਟਕੇ ਦੀਆਂ ਬਾਣੀਆਂ ਦਾ ਸਰਲ ਅਰਥਾਂ 'ਚ ਸਟੀਕ ਛਪਵਾਇਆ।
5. ਚੰਡੀ ਦੀ ਵਾਰ ਅਤੇ ਚੌਪਈ ਦੇ ਸਵਾ ਲੱਖ ਪਾਠ ਕਰਵਾਕੇ ਮਹਾਨ ਹਵਨ ਯੱਗਾਂ ਦਾ ਆਯੋਜਨ।
6. ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਫੁਟਬਾਲ ਟੀਮ ਦੀ ਸਥਾਪਨਾ।
7. ਸ੍ਰੀ ਜੀਵਨ ਨਗਰ ਵਿਖੇ ਨਾਮਧਾਰੀ ਸਪੋਰਟਸ ਅਕੈਡਮੀ ਦੀ ਸ਼ੁਰੂਆਤ ਅਤੇ ਨਵੇਂ ਗਰਾਉਂਡਾਂ ਦਾ ਨਿਰਮਾਣ।

8. ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਸਾਲਾਨਾ ਸੰਗੀਤ ਸੰਮੇਲਨਾਂ ਦਾ ਆਯੋਜਨ।
9. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਾਸਤਰੀ ਸੰਗੀਤ ਅਤੇ ਗੁਰਮਤ ਸੰਗੀਤ ਪ੍ਰਤੀ ਦੇਣ ਬਾਰੇ 'ਸੰਗੀਤ ਸਰੂਪ ਸਤਿਗੁਰੂ' ਡਾਕੂਮੈਂਟਰੀ ਤਿਆਰ ਕਰਵਾਈ।
10. ਸਤਿਗੁਰੂ ਜਗਜੀਤ ਸਿੰਘ ਗੁਰਮਤਿ ਸੰਗੀਤ ਅਤੇ ਸ਼ਾਸ਼ਤਰੀ ਸੰਗੀਤ ਪ੍ਰਤੀਯੋਗਤਾ ਦਾ ਆਰੰਭ ਜਿਸ ਵਿਚ ਸਮੁੱਚੇ ਦੇਸ਼ ਭਰ ਤੋਂ ਬੱਚੇ ਭਾਗ ਲੈਂਦੇ ਹਨ।
11. ਬਿਰਧਾਂ ਅਤੇ ਬਿਮਾਰਾਂ ਦੇ ਸਾਂਭ-ਸੰਭਾਲ ਲਈ ਸ੍ਰੀ ਭੈਣੀ ਸਾਹਿਬ ਵਿਖੇ ਸਥਾਪਿਤ 'ਬਿਰਧਸ਼ਾਲਾ' ਦਾ ਆਧੁਨਿਕ ਸਹੂਲਤਾਂ ਸਹਿਤ ਵੱਡਾ ਵਿਸਥਾਰ ਕਰਵਾਇਆ।
12. ਨਾਮਧਾਰੀ ਸਾਹਿਤ ਸੰਬੰਧੀ ਪੁਰਾਤਨ ਅਤੇ ਨਵੀਆਂ ਦਰਜਨਾਂ ਕਿਤਾਬਾਂ ਦੀ ਛਪਵਾਈ।
13. ਮੀਡੀਆ ਦੇ ਯੁਗ ਵਿੱਚ ਪੰਥਕ ਗਤੀਵਿਧੀਆਂ ਦੇ ਨਾਲ ਜੁੜਨ ਲਈ ਸ੍ਰੀ ਭੈਣੀ ਸਾਹਿਬ 'ਐਪ ਅਤੇ ਯੂ- ਟਿਊਬ ਚੈਨਲ' ਦੀ ਸ਼ੁਰੂਆਤ ਕੀਤੀ।
14. ਦੇਸੀ ਨਸਲ ਦੀਆਂ ਗਊਆਂ ਦੀ ਸਾਂਭ- ਸੰਭਾਲ ਹਿਤ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਦਾ ਨਵ- ਨਿਰਮਾਣ ਅਤੇ ਵਿਸਥਾਰ।
15. 1920 ਤੋਂ ਸਥਾਪਿਤ ਸਤਿਜੁਗ ਅਖਬਾਰ ਨੂੰ ਮੈਗਜ਼ੀਨ ਦਾ ਰੂਪ ਦੇਣਾ ਅਤੇ ਆਨਲਾਈਨ ਪੜ੍ਹਨ ਲਈ 'ਸਤਿਜੁਗ ਐਪ' ਦੀ ਸ਼ੁਰੂਆਤ ਕਰਨੀ।
16. ਹਰ ਸਾਲ ਥਾਈਲੈਂਡ, ਇੰਗਲੈਂਡ, ਅਮਰੀਕਾ, ਯੂਰਪ, ਅਫਰੀਕਾ, ਆਸਟ੍ਰੇਲੀਆ, ਕੈਨੇਡਾ ਦੇਸ਼ਾਂ ਦੇ ਦੌਰੇ ਕਰਕੇ ਸੰਗਤ ਨੂੰ ਨਾਮ, ਗੁਰਬਾਣੀ ਅਤੇ ਸਿੱਖੀ- ਸਿਧਾਂਤਾਂ ਨਾਲ ਜੋੜਨਾ।
17. ਨਾਮਧਾਰੀ ਨੌਜਵਾਨਾਂ ਨੂੰ ਵਧੀਆ ਜਥੇਦਾਰ ਅਤੇ ਪ੍ਰਚਾਰਕ ਬਨਾਉਣ ਵਾਸਤੇ 'ਨਾਮਧਾਰੀ ਪ੍ਰਚਾਰਕ ਕੋਰਸ' ਦੀ ਸ਼ੁਰੂਆਤ ਕਰਨੀ।
18. ਦੇਸ਼ ਅਤੇ ਵਿਦੇਸ਼ਾਂ ਦੇ ਨੌਜੁਆਨਾਂ ਨੂੰ ਸਿੱਖੀ ਸਿਧਾਂਤਾਂ ਪ੍ਰਤੀ ਜਾਗਰੁਕ ਕਰਨ ਕਈ ਯੂਥ ਕੈਂਪ ਲਾਉਣੇ ।

# ਮੁਹਾਰਨੀ

| ਅ | ਆ | ਇ | ਈ | ਉ | ਊ | ਏ | ਐ | ਓ | ਔ | ਅੰ | ਆਂ |
|---|---|---|---|---|---|---|---|---|---|---|---|
| ਸ | ਸਾ | ਸਿ | ਸੀ | ਸੁ | ਸੂ | ਸੇ | ਸੈ | ਸੋ | ਸੌ | ਸੰ | ਸਾਂ |
| ਹ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਾਂ |
| ਕ | ਕਾ | ਕਿ | ਕੀ | ਕੁ | ਕੂ | ਕੇ | ਕੈ | ਕੋ | ਕੌ | ਕੰ | ਕਾਂ |
| ਖ | ਖਾ | ਖਿ | ਖੀ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਾਂ |
| ਗ | ਗਾ | ਗਿ | ਗੀ | ਗੁ | ਗੂ | ਗੇ | ਗੈ | ਗੋ | ਗੌ | ਗੰ | ਗਾਂ |
| ਘ | ਘਾ | ਘਿ | ਘੀ | ਘੁ | ਘੂ | ਘੇ | ਘੈ | ਘੋ | ਘੌ | ਘੰ | ਘਾਂ |
| ਙ | ਙਾ | ਙਿ | ਙੀ | ਙੁ | ਙੂ | ਙੇ | ਙੈ | ਙੋ | ਙੌ | ਙੰ | ਙਾਂ |
| ਚ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰ | ਚਾਂ |
| ਛ | ਛਾ | ਛਿ | ਛੀ | ਛੁ | ਛੂ | ਛੇ | ਛੈ | ਛੋ | ਛੌ | ਛੰ | ਛਾਂ |
| ਜ | ਜਾ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰ | ਜਾਂ |
| ਝ | ਝਾ | ਝਿ | ਝੀ | ਝੁ | ਝੂ | ਝੇ | ਝੈ | ਝੋ | ਝੌ | ਝੰ | ਝਾਂ |
| ਞ | ਞਾ | ਞਿ | ਞੀ | ਞੁ | ਞੂ | ਞੇ | ਞੈ | ਞੋ | ਞੌ | ਞੰ | ਞਾਂ |
| ਟ | ਟਾ | ਟਿ | ਟੀ | ਟੁ | ਟੂ | ਟੇ | ਟੈ | ਟੋ | ਟੌ | ਟੰ | ਟਾਂ |
| ਠ | ਠਾ | ਠਿ | ਠੀ | ਠੁ | ਠੂ | ਠੇ | ਠੈ | ਠੋ | ਠੌ | ਠੰ | ਠਾਂ |
| ਡ | ਡਾ | ਡਿ | ਡੀ | ਡੁ | ਡੂ | ਡੇ | ਡੈ | ਡੋ | ਡੌ | ਡੰ | ਡਾਂ |
| ਢ | ਢਾ | ਢਿ | ਢੀ | ਢੁ | ਢੂ | ਢੇ | ਢੈ | ਢੋ | ਢੌ | ਢੰ | ਢਾਂ |

| | | | | | | | | | | | |
|---|---|---|---|---|---|---|---|---|---|---|---|
| ਣ | ਣਾ | ਣਿ | ਣੀ | ਣੁ | ਣੂ | ਣੇ | ਣੈ | ਣੋ | ਣੌ | ਣੰ | ਣਾਂ |
| ਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਾਂ |
| ਥ | ਥਾ | ਥਿ | ਥੀ | ਥੁ | ਥੂ | ਥੇ | ਥੈ | ਥੋ | ਥੌ | ਥੰ | ਥਾਂ |
| ਦ | ਦਾ | ਦਿ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰ | ਦਾਂ |
| ਧ | ਧਾ | ਧਿ | ਧੀ | ਧੁ | ਧੂ | ਧੇ | ਧੈ | ਧੋ | ਧੌ | ਧੰ | ਧਾਂ |
| ਨ | ਨਾ | ਨਿ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨਾਂ |
| ਪ | ਪਾ | ਪਿ | ਪੀ | ਪੁ | ਪੂ | ਪੇ | ਪੈ | ਪੋ | ਪੌ | ਪੰ | ਪਾਂ |
| ਫ | ਫਾ | ਫਿ | ਫੀ | ਫੁ | ਫੂ | ਫੇ | ਫੈ | ਫੋ | ਫੌ | ਫੰ | ਫਾਂ |
| ਬ | ਬਾ | ਬਿ | ਬੀ | ਬੁ | ਬੂ | ਬੇ | ਬੈ | ਬੋ | ਬੌ | ਬੰ | ਬਾਂ |
| ਭ | ਭਾ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰ | ਭਾਂ |
| ਮ | ਮਾ | ਮਿ | ਮੀ | ਮੁ | ਮੂ | ਮੇ | ਮੈ | ਮੋ | ਮੌ | ਮੰ | ਮਾਂ |
| ਯ | ਯਾ | ਯਿ | ਯੀ | ਯੁ | ਯੂ | ਯੇ | ਯੈ | ਯੋ | ਯੌ | ਯੰ | ਯਾਂ |
| ਰ | ਰਾ | ਰਿ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰ | ਰਾਂ |
| ਲ | ਲਾ | ਲਿ | ਲੀ | ਲੁ | ਲੂ | ਲੇ | ਲੈ | ਲੋ | ਲੌ | ਲੰ | ਲਾਂ |
| ਵ | ਵਾ | ਵਿ | ਵੀ | ਵੁ | ਵੂ | ਵੇ | ਵੈ | ਵੋ | ਵੌ | ਵੰ | ਵਾਂ |
| ੜ | ੜਾ | ੜਿ | ੜੀ | ੜੁ | ੜੂ | ੜੇ | ੜੈ | ੜੋ | ੜੌ | ੜੰ | ੜਾਂ |

***************************